ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

**Awaze Qaum**

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 31 ਜਨਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੧੮ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

Exclusive News

## ਦੋਸਤ ਦੇ ਵਿਆਹ 'ਚ ਡੀਜੇ 'ਤੇ ਨੱਚਦੇ ਸਮੇਂ ਗੋਲੀ ਚੱਲਣ ਨਾਲ ਫ਼ੌਜੀ ਜਵਾਨ ਦੀ ਮੌਤ, 25 ਜਨਵਰੀ ਨੂੰ ਹੋਇਆ ਸੀ ਵਿਆਹ

**ਤਰਨ ਤਾਰਨ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਤਰਨਤਾਰਨ ਦੇ ਪਿੰਡ ਮਲਮੋਹਰੀ ਵਿਖੇ ਵਿਆਹ ਸਮਾਗਮ ਦੌਰਾਨ ਡੀਜੇ 'ਤੇ ਨੱਚਦੇ ਸਮੇਂ ਗੋਲੀ ਲੱਗਣ ਨਾਲ ਇੱਕ ਫ਼ੌਜੀ ਜਵਾਨ ਦੀ ਮੌਤ ਹੋ ਗਈ ਹੈ। ਮ੍ਰਿਤਕ ਫ਼ੌਜੀ ਦੀ ਪਛਾਣ ਗੁਰਸੇਵਕ ਸਿੰਘ ਵਾਸੀ ਖਡੂਰ ਸਾਹਿਬ ਵਜੋਂ ਹੋਈ ਹੈ। ਗੁਰਸੇਵਕ ਸਿੰਘ ਆਪਣੇ ਦੋਸਤ ਸਰੋਵਰ ਸਿੰਘ ਨਾਲ ਦੂਜੇ ਦੋਸਤ ਜੋਬਨਜੀਤ ਸਿੰਘ ਦੇ ਵਿਆਹ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਆਇਆ ਸੀ। ਉਥੇ ਖੁਸ਼ੀ ਮੌਕੇ ਹਵਾ ਵਿੱਚ ਗੋਲੀਆਂ ਚਲਾਉਣ ਮੌਕੇ ਇਕ ਗੋਲੀ ਅਚਾਨਕ ਗੁਰਸੇਵਕ ਸਿੰਘ ਦੇ ਲੱਗਣ ਕਾਰਨ ਉਸਦੀ ਮੌਤ ਹੋ ਗਈ ਹੈ। ਜ਼ਿਕਰਯੋਗ ਹੈ ਕਿ 25 ਜਨਵਰੀ ਨੂੰ ਗੁਰਸੇਵਕ ਸਿੰਘ ਦਾ ਅਪਣਾ ਵਿਆਹ ਹੋਇਆ ਸੀ। ਡੀਐਸਪੀ ਗੋਇੰਦਵਾਲ ਸਾਹਿਬ ਅਤੁਲ ਸੋਨੀ ਨੇ ਦੱਸਿਆ ਕਿ ਗੁਰਸੇਵਕ ਸਿੰਘ ਅਤੇ ਸਰੋਵਰ ਸਿੰਘ ਜੋ ਕਿ ਆਪਣੇ ਦੋਸਤ ਜੋਬਨਜੀਤ ਸਿੰਘ ਦੇ ਵਿਆਹ ਵਿੱਚ ਸ਼ਾਮਲ ਹੋਣ ਆਏ ਸਨ। ਉਥੇ ਡੀਜੇ 'ਤੇ ਨੱਚਦੇ ਸਮੇਂ ਖੁਸ਼ੀ ਵਿੱਚ ਹਵਾਈ ਫਾਇਰ ਕਰਦੇ ਸਮੇਂ ਇਹ ਹਾਦਸਾ ਵਾਪਰ ਗਿਆ ਅਤੇ ਜਿਸ ਵਿੱਚ ਗੁਰਸੇਵਕ ਸਿੰਘ ਦੀ ਮੌਤ ਹੋ ਗਈ ਹੈ। ਇਸ ਸਬੰਧ ਵਿੱਚ ਥਾਣਾ ਸਦਰ ਵਿਖੇ ਧਾਰਾ 304 ਤਹਿਤ ਸਰੋਵਰ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

### ਪੱਛਮੀ ਬੰਗਾਲ 'ਚ ਦੋ ਕੇਸ ਆਏ ਸਾਮਹਣੇ, WHO ਨੇ ਦਿੱਤੀ ਚੇਤਾਵਨੀ

## ਭਾਰਤ 'ਚ 'ਨਿਪਾਹ ਵਾਇਰਸ' ਨੇ ਦਿੱਤੀ ਦਸਤਕ



**ਨਵੀਂ ਦਿੱਲੀ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਭਾਰਤ 'ਚ 'ਨਿਪਾਹ ਵਾਇਰਸ' ਨੇ ਦਸਤਕ ਦੇ ਦਿੱਤੀ ਹੈ। ਪੱਛਮੀ ਬੰਗਾਲ 'ਚ ਦੋ ਕੇਸ ਸਾਮਹਣੇ ਆਏ ਹਨ। ਹਾਲਾਂਕਿ, WHO ਨੇ ਕੇਸਾਂ ਨੂੰ ਲੈ ਕੇ ਕੋਈ ਵੱਡੀ ਖਤਰੇ ਵਾਲੀ ਗੱਲ ਤੋਂ ਇਨਕਾਰ ਕੀਤਾ ਹੈ ਅਤੇ ਯਾਤਰਾ ਪਾਬੰਦੀਆਂ ਨੂੰ ਖਾਰਜ ਕੀਤਾ ਹੈ। ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਭਾਰਤ ਵਿੱਚ ਨਿਪਾਹ ਵਾਇਰਸ ਦੀ ਮੌਜੂਦਾ ਸਥਿਤੀ ਤਹਿਤ ਵੱਡੇ ਪੱਧਰ 'ਤੇ ਫੈਲਣ ਦਾ ਘੱਟ ਜੋਖਮ ਹੈ ਅਤੇ ਯਾਤਰਾ ਜਾਂ ਵਪਾਰ ਪਾਬੰਦੀਆਂ ਦੀ ਕੋਈ ਜ਼ਰੂਰਤ ਨਹੀਂ ਹੈ, ਭਾਵੇਂ ਇਨ੍ਹਾਂ ਦੋ ਮਾਮਲਿਆਂ ਨੇ ਸਥਾਨਕ ਇਲਾਕੇ 'ਚ ਚਿੰਤਾਵਾਂ ਨੂੰ ਵਧਾਇਆ ਹੈ। WHO ਦਾ ਮੁਲਾਂਕਣ ਉਨ੍ਹਾਂ ਰਿਪੋਰਟਾਂ ਦੇ ਵਿਚਕਾਰ ਆਇਆ ਹੈ ਕਿ ਜਦੋਂ ਕਈ ਏਸ਼ੀਆਈ ਦੇਸ਼ਾਂ ਨੇ ਵਾਇਰਸ ਦੀ ਉੱਚ ਮੌਤ ਦਰ ਦੀਆਂ ਚਿੰਤਾਵਾਂ ਤੋਂ ਬਾਅਦ ਪ੍ਰਭਾਵਿਤ ਖੇਤਰਾਂ ਤੋਂ ਆਉਣ ਵਾਲੇ ਯਾਤਰੀਆਂ ਲਈ ਸਿਹਤ ਜਾਂਚ ਵਧਾ ਦਿੱਤੀ ਹੈ। ਵਿਸ਼ਵ ਸਿਹਤ ਸੰਸਥਾ ਨੇ ਅਧਿਕਾਰਤ ਪਲੇਟਫਾਰਮ 'ਤੇ ਕਿਹਾ ਕਿ ਹਾਲ ਹੀ ਦੇ ਮਾਮਲਿਆਂ ਨਾਲ ਵਾਇਰਸ ਦੇ ਮਨੁੱਖ ਤੋਂ ਮਨੁੱਖ 'ਚ ਫੈਲਣ ਦੇ ਕੋਈ ਸਬੂਤ ਨਹੀਂ ਹਨ। ਇਸ ਪੜਾਅ 'ਤੇ ਰਾਸ਼ਟਰੀ, ਖੇਤਰੀ ਅਤੇ ਵਿਸ਼ਵਵਿਆਪੀ ਜੋਖਮ ਘੱਟ ਹਨ। ਪੱਛਮੀ ਬੰਗਾਲ ਦੇ ਉੱਤਰੀ 24 ਪਰਗਨਾ ਜ਼ਿਲ੍ਹੇ ਵਿੱਚ ਦੋ ਸੰਕਰਮਿਤਾਂ ਦਾ ਪਤਾ ਲੱਗਿਆ ਹੈ। ਸਿਹਤ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਦੋਵੇਂ ਮਰੀਜ਼ ਲੱਛਣਾਂ ਦੇ ਬਾਵਜੂਦ ਜ਼ਿਲ੍ਹੇ ਦੇ ਅੰਦਰ ਹੀ ਰਹੇ। ਦੱਸ ਦਈਏ ਕਿ ਇਹ ਭਾਰਤ ਵਿੱਚ ਨਿਪਾਹ ਵਾਇਰਸ ਦੀ ਸੰਕਰਮਿਤਾ ਦਾ ਸੱਤਵਾਂ ਰਿਪੋਰਟ ਕੀਤਾ ਗਿਆ ਮਾਮਲਾ ਹੈ, ਜਦਕਿ ਪੱਛਮੀ ਬੰਗਾਲ 'ਚ ਤੀਜਾ। ਇਸ ਵਾਇਰਸ ਦੇ ਪਿਛਲੇ ਮਾਮਲੇ 2001 ਵਿੱਚ ਸਿਲੀਗੁੜੀ ਅਤੇ 2007 ਵਿੱਚ ਨਾਦੀਆ ਵਿੱਚ ਸਾਹਮਣੇ ਆਏ ਸਨ।

## ਸਟੱਡੀ ਵੀਜ਼ੇ 'ਤੇ ਗਏ ਨੌਜਵਾਨ ਨੂੰ ਇੰਗਲੈਂਡ ਏਅਰਪੋਰਟ ਤੋਂ ਕੀਤਾ ਡਿਪੋਰਟ, ਜਾਅਲੀ ਡਿਗਰੀ ਬਣਾ ਕੇ ਲਗਵਾਇਆ ਸੀ ਵੀਜ਼ਾ



**ਲੰਡਨ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਫ਼ਰੀਦਕੋਟ ਦੇ ਪਿੰਡ ਡੱਲੇਵਾਲਾ ਦੇ ਇੱਕ ਨੌਜਵਾਨ ਸੁਖਪ੍ਰੀਤ ਸਿੰਘ ਨੂੰ ਇੰਗਲੈਂਡ ਏਅਰਪੋਰਟ ਤੋਂ ਹੀ ਡਿਪੋਰਟ ਕਰ ਦਿੱਤਾ ਗਿਆ, ਜੋ ਸਟੱਡੀ ਵੀਜ਼ਾ ਲੈ ਕੇ ਇੰਗਲੈਂਡ ਪੜ੍ਹਾਈ ਕਰਨਾ ਚਾਹੁੰਦਾ ਸੀ। ਜਿਸ ਨੂੰ ਡਿਪੋਰਟ ਹੋਣ ਤੋਂ ਬਾਅਦ ਏਅਰਪੋਰਟ ਅਥਾਰਟੀ ਵੱਲੋਂ ਫਰੀਦਕੋਟ ਪੁਲਿਸ ਨੂੰ ਸੌਂਪਿਆ ਗਿਆ। ਜਾਣਕਾਰੀ ਦਿੰਦੇ ਹੋਏ ਡੀਐਸਪੀ ਤਰਲੋਚਨ ਸਿੰਘ ਨੇ ਦੱਸਿਆ ਕਿ ਸੁਖਪ੍ਰੀਤ ਸਿੰਘ ਜਿਹੜਾ ਕਿ ਫਰੀਦਕੋਟ ਦੇ ਪਿੰਡ ਡੱਲੇਵਾਲਾ ਦਾ ਰਹਿਣ ਵਾਲਾ ਹੈ। ਉਸ ਵੱਲੋਂ ਸਟੱਡੀ ਵੀਜ਼ੇ ਤਹਿਤ ਇੰਗਲੈਂਡ ਦਾ ਵੀਜ਼ਾ ਲਿਆ ਗਿਆ ਸੀ ਅਤੇ ਪੁੱਛਕਿਛ ਦੌਰਾਨ ਇੰਗਲੈਂਡ ਏਅਰਪੋਰਟ 'ਤੇ ਗਲਤ ਪਾਏ ਜਾਣ 'ਤੇ ਇੰਗਲੈਂਡ ਐਂਬੈਸੀ ਵੱਲੋਂ ਉਸਨੂੰ ਉਥੋਂ ਡਿਪੋਰਟ ਕਰਕੇ ਵਾਪਸ ਇੰਡੀਆ ਭੇਜ ਦਿੱਤਾ ਗਿਆ, ਜਿੱਥੇ ਏਅਰਪੋਰਟ ਅਥਾਰਟੀ ਵੱਲੋਂ ਫਰੀਦਕੋਟ ਪੁਲਿਸ ਦੇ ਹਵਾਲੇ ਕੀਤਾ ਗਿਆ। ਉਹਨਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਸੁਖਪ੍ਰੀਤ ਸਿੰਘ ਨੇ ਫਰੀਦਕੋਟ ਦੇ ਇੱਕ ਟ੍ਰੈਵਲ ਏਜੰਟ ਇੰਦਰਬੀਰ ਸਿੰਘ ਜੋ ਕਰੋਸ ਲਿੰਕ ਨਾਮ ਇਮੀਗ੍ਰੇਸ਼ਨ ਨਾਮ 'ਤੇ ਆਪਣਾ ਸੈਂਟਰ ਚਲਾਉਂਦਾ ਹੈ, ਉਸ ਵੱਲੋਂ 19 ਲੱਖ ਰੁਪਏ ਲੈ ਕੇ ਸੁਖਪ੍ਰੀਤ ਦਾ ਵੀਜ਼ਾ ਲਗਵਾ ਕੇ ਦਿੱਤਾ ਗਿਆ ਸੀ ਅਤੇ ਜਿਸ ਦੌਰਾਨ ਉਸ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਇੱਕ ਫੇਕ ਡਿਗਰੀ ਬਣਾ ਕੇ ਉਸਦੇ ਡਾਕੂਮੈਂਟ ਤਿਆਰ ਕੀਤੇ ਗਏ ਸਨ। ਜਿਸ ਦੇ ਅਧਾਰ 'ਤੇ ਹੀ ਉਸਨੂੰ ਇੰਗਲੈਂਡ ਐਂਬੈਸੀ ਵੱਲੋਂ ਉਸ ਨੂੰ ਡਿਪੋਰਟ ਕਰ ਦਿੱਤਾ ਅਤੇ ਵਾਪਸ ਇੰਡੀਆ ਭੇਜ ਦਿੱਤਾ ਗਿਆ। ਫਿਲਹਾਲ ਪੁਲਿਸ ਵੱਲੋਂ ਸਟੂਡੈਂਟ ਸੁਖਪ੍ਰੀਤ ਸਿੰਘ ਅਤੇ ਕਰੋਸ ਲਿੰਕ ਇਮੀਗ੍ਰੇਸ਼ਨ ਦੇ ਮਾਲਕ ਇੰਦਰ ਬੀਜ ਸਿੰਘ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਜਿਸ ਦੀ ਅੱਗੇ ਕਾਰਵਾਈ ਜਾਰੀ ਹੈ।

## ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚੋਂ 2 ਮੁੰਡੇ ਚੁੱਕ ਲੈ ਗਈ ਪੁਲਸ, ਸ਼੍ਰੋਮਣੀ ਕਮੇਟੀ ਨੇ ਮੁਲਾਜ਼ਮ ਬਣਾ ਲਏ ਬੰਧਕ



**ਅੰਮ੍ਰਿਤਸਰ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਅੱਜ ਉਸ ਵੇਲੇ ਭਾਰੀ ਹੰਗਾਮਾ ਹੋ ਗਿਆ, ਜਦੋਂ ਤਰਨ ਤਾਰਨ ਸੀ.ਆਈ.ਏ. (CIA) ਸਟਾਫ ਦੀ ਇੱਕ ਟੀਮ ਵੱਲੋਂ ਪਰਿਕਰਮਾ ਵਿੱਚੋਂ ਦੋ ਨੌਜਵਾਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ। ਪੁਲਸ ਦੀ ਇਸ ਗੁਪਤ ਕਾਰਵਾਈ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੀ ਟਾਸਕ ਫੋਰਸ ਨੇ ਸਖ਼ਤ ਵਿਰੋਧ ਕੀਤਾ ਅਤੇ ਦੋ ਪੁਲਸ ਮੁਲਾਜ਼ਮਾਂ ਨੂੰ ਫੜ ਕੇ 'ਕਮਰਾ ਨੰਬਰ 50' ਵਿੱਚ ਬੰਦ ਕਰ ਦਿੱਤਾ।

ਐੱਸ.ਜੀ.ਪੀ.ਸੀ. ਅਧਿਕਾਰੀਆਂ ਨੇ ਪੁਲਸ ਦੀ ਇਸ ਕਾਰਵਾਈ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਸੰਗਤ ਸ਼ਰਧਾ ਨਾਲ ਆਉਂਦੀ ਹੈ। ਜੇਕਰ ਪੁਲਸ ਨੂੰ ਕਿਸੇ ਮਾਮਲੇ ਵਿੱਚ ਕਿਸੇ ਵਿਅਕਤੀ ਦੀ ਭਾਲ ਹੁੰਦੀ ਹੈ ਜਾਂ ਕਿਸੇ ਨੂੰ ਗ੍ਰਿਫ਼ਤਾਰ ਕਰਨਾ ਹੁੰਦਾ ਹੈ, ਤਾਂ ਉਸ ਦੀ ਜਾਣਕਾਰੀ ਪਹਿਲਾਂ ਸ਼੍ਰੋਮਣੀ ਕਮੇਟੀ ਨਾਲ ਸਾਂਝੀ ਕਰਨੀ ਲਾਜ਼ਮੀ ਹੈ। ਅੱਜ ਦੀ ਕਾਰਵਾਈ ਦੌਰਾਨ ਤਰਨ ਤਾਰਨ ਪੁਲਸ ਨੇ ਨਾ ਤਾਂ ਐੱਸ.ਜੀ.ਪੀ.ਸੀ. ਨੂੰ ਭਰੋਸੇ ਵਿੱਚ ਲਿਆ ਅਤੇ ਨਾ ਹੀ ਸਥਾਨਕ ਗਲਿਆਰਾ ਚੌਕੀ ਨੂੰ ਕੋਈ ਸੂਚਨਾ ਦਿੱਤੀ।

ਇਸ ਘਟਨਾ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਸਥਿਤੀ ਤਣਾਅਪੂਰਨ ਹੋ ਗਈ। ਟਾਸਕ ਫੋਰਸ ਨੇ ਫੈਸਲਾ ਕੀਤਾ ਸੀ ਕਿ ਜਦੋਂ ਤੱਕ ਪੁਲਸ ਵਿਭਾਗ ਦੇ ਉੱਚ ਅਧਿਕਾਰੀ ਇਸ ਪੂਰੀ ਕਾਰਵਾਈ ਦੀ ਸਪੱਸ਼ਟ ਜਾਣਕਾਰੀ ਨਹੀਂ ਦਿੰਦੇ, ਉਦੋਂ ਤੱਕ ਮੁਲਾਜ਼ਮਾਂ ਨੂੰ ਨਹੀਂ ਛੱਡਿਆ ਜਾਵੇਗਾ।

ਘਟਨਾ ਦੀ ਗੰਭੀਰਤਾ ਨੂੰ ਦੇਖਦਿਆਂ ਸੀਨੀਅਰ ਪੁਲਸ ਅਧਿਕਾਰੀਆਂ ਨੇ ਤੁਰੰਤ ਐਸਜੀਪੀਸੀ ਅਧਿਕਾਰੀਆਂ ਨਾਲ ਸੰਪਰਕ ਕੀਤਾ। ਪੁਲਸ ਵੱਲੋਂ ਜ਼ਰੂਰੀ ਜਾਣਕਾਰੀ ਸਾਂਝੀ ਕਰਨ ਤੋਂ ਬਾਅਦ ਬੰਧਕ ਬਣਾਏ ਗਏ ਮੁਲਾਜ਼ਮਾਂ ਨੂੰ ਛੱਡ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਨੇ ਸਪੱਸ਼ਟ ਕੀਤਾ ਹੈ ਕਿ ਉਹ ਹਮੇਸ਼ਾ ਕਾਨੂੰਨ ਦਾ ਸਹਿਯੋਗ ਕਰਦੇ ਹਨ, ਪਰ ਪਵਿੱਤਰ ਅਸਥਾਨ ਤੋਂ ਬਿਨਾਂ ਦੱਸੇ ਕਿਸੇ ਨੂੰ ਇਸ ਤਰ੍ਹਾਂ ਚੁੱਕ ਕੇ ਲਿਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

### ਲੁਧਿਆਣਾ 'ਚ ਸਿੱਖ ਟੈਕਸੀ ਡਰਾਈਵਰ 'ਤੇ ਤਸ਼ੱਦਦ

## ਪਰਿਵਾਰ ਨੇ ਲਾਇਆ ਧਰਨਾ, ਮਾਮਲਾ ਭਖਣ 'ਤੇ ਪੁਲਿਸ ਮੁਲਾਜ਼ਮ ਸਸਪੈਂਡ



**ਲੁਧਿਆਣਾ, 30 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਕੁਝ ਦਿਨ ਪਹਿਲਾਂ ਲੁਧਿਆਣਾ 'ਚ ਟੈਕਸੀ ਡਰਾਈਵਰ ਨਾਲ ਵਿਵਾਦ ਦੇ ਮਾਮਲੇ ਤੋਂ ਬਾਅਦ ਟੈਕਸੀ ਡਰਾਈਵਰ 'ਤੇ ਪੁਲਿਸ ਵੱਲੋਂ ਤਸ਼ੱਦਦ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਤੋਂ ਬਾਅਦ ਪਰਿਵਾਰਿਕ ਮੈਂਬਰਾਂ ਸਮੇਤ ਜਥੇਬੰਦੀਆਂ ਨੇ ਭਾਰਤ ਨਗਰ ਚੌਂਕ ਨੂੰ ਜਾਮ ਕਰ ਦਿੱਤਾ ਉਹਨਾਂ ਦੱਸਿਆ ਕਿ ਇਹ ਮਾਮਲਾ ਗੱਡੀ 'ਤੇ ਲੱਗੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਫੋਟੋ ਤੋਂ ਵਧਿਆ। ਜਿੱਥੇ ਕੁਝ ਪੋਲੀਟੀਕਲ ਬੈਕਗਰਾਊਡ ਦੇ ਦੇ ਲੋਕਾਂ ਨੇ ਟੈਕਸੀ ਡਰਾਈਵਰ ਰਣਜੋਤ ਸਿੰਘ ਦੇ ਉੱਪਰ ਤਸ਼ੱਦਦ ਕੀਤਾ। ਇਸ ਦੌਰਾਨ ਪੁਲਿਸ ਨੇ ਨੌਜਵਾਨ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਹੈ। ਪਰਿਵਾਰ ਨੇ ਕਿਹਾ ਕਿ ਨੌਜਵਾਨ ਨੂੰ ਇਨਸਾਫ ਦਵਾਉਣ ਲਈ ਉਹਨਾਂ ਵੱਲੋਂ ਅੱਜ ਪ੍ਰਦਰਸ਼ਨ ਕੀਤਾ ਗਿਆ। ਦੱਸ ਦਈਏ ਕਿ ਪੁਲਿਸ ਵੱਲੋਂ ਇਸ ਮਾਮਲੇ ਵਿੱਚ ਉਕਤ ਮੁਲਾਜ਼ਮਾਂ ਨੂੰ ਸਸਪੈਂਡ ਕਰਨ ਦੀ ਗੱਲ ਕਹੀ ਹੈ ਅਤੇ ਕਿਹਾ ਕਿ ਫਿਲਹਾਲ ਮਾਮਲੇ ਦੀ ਜਾਂਚ ਚੱਲ ਰਹੀ ਹੈ।

ਉਧਰ, ਪੀੜਤ ਪਰਿਵਾਰਿਕ ਮੈਂਬਰਾਂ ਸਮੇਤ ਆਗੂਆਂ ਨੇ ਦੱਸਿਆ ਕਿ ਇਹ ਘਟਨਾ 27 ਤਰੀਕ ਦੀ ਹੈ ਕਿ ਉਹਨਾਂ ਦੀ ਗੱਡੀ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਫੋਟੋ ਲੱਗੀ ਸੀ, ਜਿਸ ਨੂੰ ਲੈ ਕੇ ਕੁਝ ਲੋਕਾਂ ਵੱਲੋਂ ਇਤਰਾਜ਼ ਜਤਾਇਆ ਗਿਆ ਅਤੇ ਇਹ ਵਿਵਾਦ ਵਧਿਆ, ਜਿਸ ਤੋਂ ਬਾਅਦ ਮੌਕੇ 'ਤੇ ਪੁਲਿਸ ਨੂੰ ਸੱਦਿਆ ਗਿਆ ਤਾਂ ਉਹਨਾਂ ਨੇ ਰਣਜੋਤ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਉਸ ਤੋਂ ਬਾਅਦ ਉਸਦੀ ਬੁਰੀ ਤਰ੍ਹਾਂ ਨਾਲ ਕੁੱਟਮਾਰ ਕੀਤੀ। ਪਰਿਵਾਰ ਨੇ ਕਿਹਾ ਕਿ ਪੁਲਿਸ ਦਾ ਕਹਿਣਾ ਹੈ ਕਿ ਰਣਜੋਤ ਨੇ ਸ਼ਰਾਬ ਪੀਤੀ ਸੀ, ਪਰ ਉਸਦਾ ਚਲਾਨ ਕਰਨ ਦੀ ਬਜਾਏ ਉਸ ਨਾਲ ਕੁੱਟਮਾਰ ਕੀਤੀ ਗਈ ਹੈ, ਜਿਸ ਨੂੰ ਲੈ ਕੇ ਉਹ ਸਖਤ ਕਾਰਵਾਈ ਦੀ ਮੰਗ ਕਰਦੇ ਹਨ।

ਉਧਰ, ਮੌਕੇ 'ਤੇ ਮੌਜੂਦ ਏਸੀਪੀ ਗੁਰ ਇਕਬਾਲ ਸਿੰਘ ਨੇ ਕਿਹਾ ਕਿ ਇਹ ਮਾਮਲਾ 27 ਤਰੀਕ ਦਾ ਹੈ ਜਿੱਥੇ ਰਨਜੋਤ ਸਿੰਘ ਨਾਮਕ ਨੌਜਵਾਨ ਦਾ ਕਿਸੇ ਵਿਅਕਤੀਆਂ ਨਾਲ ਵਿਵਾਦ ਹੋਇਆ ਸੀ, ਜਿਸ ਤੋਂ ਬਾਅਦ ਥਾਣਾ ਡਿਵੀਜ਼ਨ ਨੰਬਰ ਚਾਰ ਪੁਲਿਸ ਕੋਲ ਸ਼ਿਕਾਇਤ ਪਹੁੰਚੀ ਤਾਂ ਉਹਨਾਂ ਇਸ ਸਬੰਧੀ ਚੌਂਕੀ ਇੰਚਾਰਜ ਨੂੰ ਸੂਚਿਤ ਕੀਤਾ ਅਤੇ ਉਹਨਾਂ ਵੱਲੋਂ ਇਸ ਮਾਮਲੇ ਵਿੱਚ ਰਣਜੋਤ ਸਿੰਘ ਨੂੰ ਹਿਰਾਸਤ ਵਿੱਚ ਲੈ ਕੇ ਮੈਡੀਕਲ ਕਰਵਾਇਆ ਗਿਆ।

ਏਸੀਪੀ ਨੇ ਕਿਹਾ ਕਿ ਇਸ ਨੇ ਜੀਵਨਲੀਲ੍ਹਾ ਸਮਾਪਤ ਕਰਨ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਦੇ ਨਾਲ ਵਿਵਾਦ ਹੋਇਆ, ਜਿਸ ਤੋਂ ਬਾਅਦ ਇਸਦਾ ਮੁੜ ਤੋਂ ਮੈਡੀਕਲ ਕਰਵਾਇਆ ਗਿਆ ਅਤੇ ਇਸ ਦੇ ਮੈਡੀਕਲ ਰਿਪੋਰਟ ਵਿੱਚ ਡਰਿੰਕ ਕੀਤੀ ਪਾਈ ਗਈ। ਉਹਨਾਂ ਕਿਹਾ ਕਿ ਇਸ ਦੌਰਾਨ ਨੌਜਵਾਨ ਦੇ ਸੱਟਾਂ ਵੀ ਲੱਗੀਆਂ ਹਨ ਪਰ ਇਸ ਨੂੰ ਲੈ ਕੇ ਹੁਣ ਪਰਿਵਾਰਿਕ ਮੈਂਬਰ ਕਾਰਵਾਈ ਦੀ ਮੰਗ ਕਰ ਰਹੇ ਹਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਨੇ ਤਸ਼ੱਦਦ ਕਰਨ ਵਾਲੇ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਹੈ ਅਤੇ ਇਸ ਮਾਮਲੇ ਸਬੰਧੀ ਫਿਲਹਾਲ ਜਾਂਚ ਜਾਰੀ ਹੈ। ਉਹਨਾਂ ਕਿਹਾ ਕਿ ਸੀਸੀਟੀਵੀ ਵੀਡੀਓ ਵੀ ਉਸ ਦਿਨ ਦੀ ਸਾਹਮਣੇ ਆਈ ਹੈ, ਜਿਸ ਨੂੰ ਅਫੈਂਸ ਦੇ ਤੌਰ 'ਤੇ ਵਰਤਿਆ ਜਾਵੇਗਾ।

ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ॥

ਏਕ ਨੂਰ ਸਵੈ-ਸੇਵੀ ਸੰਸਥਾ ਰਜਿ: ਪਠਲਾਵਾ (ਸ਼.ਭ.ਸ.ਨਗਰ)

# ਏਕ ਨੂਰ ਸਵੈ-ਸੇਵੀ ਸੰਸਥਾ ਰਜਿ:, ਪਠਲਾਵਾ

## ਪਿੰਡ ਪਠਲਾਵਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ

**ਧੰਨ ਧੰਨ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ**

# 28ਵਾਂ ਸਲਾਨਾ ਸਹਾਇਤਾ ਵੰਡ ਸਮਾਗਮ

## ਪ੍ਰੋਗਰਾਮ

ਆਵਾਜ਼ਿ ਕੌਮ AWAZE QAUM International Newspaper & WEB TV

ਮਿਤੀ : **11 ਫਰਵਰੀ 2026, ਦਿਨ ਬੁੱਧਵਾਰ ।**

ਸਹਾਇਤਾ ਵੰਡ ਸਮਾਗਮ : ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ।

ਸਥਾਨ : **ਗਰਾਊਂਡ ਮਿਡਲ ਸਕੂਲ, ਪਿੰਡ ਐਮਾਂ ਜੱਟਾਂ, ਜ਼ਿਲਾ ਹੁਸ਼ਿਆਰਪੁਰ ਵਿਖੇ ।**

ਉਦਘਾਟਨ : ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ, ਯੋਗੀ ਦੇਵੀ ਨਾਥ ਐਮਾਂ ਜੱਟਾਂ ।

ਮੁੱਖ ਮਹਿਮਾਨ : ਸ: ਜਗਤਾਰ ਸਿੰਘ ਸਟੇਟ ਟੈਕਸ ਅਫ਼ਸਰ ਹੁਸ਼ਿਆਰਪੁਰ ।

ਵਿਸ਼ੇਸ਼ ਮਹਿਮਾਨ:

ਪਦਮਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ, ਮੁੱਖ ਸੰਚਾਲਿਕਾ ਯੂਨੀਕ ਹੋਮ, ਭਾਈ ਘੱਨਈਆ ਜੀ ਚੈਰੀਟੇਬਲ ਟਰੱਸਟ ਜਲੰਧਰ ।
ਸ: ਅਮਰੀਕ ਸਿੰਘ (ਨਿਸ਼ਕਾਮ ਟਿਫਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ
ਸ਼੍ਰੀ ਯੋਗ ਰਾਜ ਮੈਰਾ, ਡਾਇਰੈਕਟਰ ਫਾਈਨਾਂਸੀਅਲ ਐਡਵਾਈਜ਼ਰ ਡਿਪਾਰਟਮੈਂਟ ਆਫ ਪੋਸਟ ਮਨੀਸੀਟਰੀ ਆਫ ਕੁਮਿਨੀਕੇਸ਼ਨ ਭਾਰਤ ਸਰਕਾਰ
ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ ਮੈਂਬਰ SGPC ਅੰਮ੍ਰਿਤਸਰ, ਸ: ਦਲਜੀਤ ਸਿੰਘ ਖੱਖ, ਡੀ.ਐਸ.ਪੀ, ਗੜ੍ਹਸ਼ੰਕਰ।
ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਅਤੇ ਬੀ.ਡੀ.ਸੀ. ਨਵਾਂਸ਼ਹਿਰ ।
ਸ: ਸੁਰਜੀਤ ਸਿੰਘ (ਮੁੱਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਨਵਾਂਸ਼ਹਿਰ
ਹਰਸੇਵਾ ਮੈਡੀਕਲ ਟਰੱਸਟ, ਯੂ.ਕੇ. ਮੋਰਾਂਵਾਲੀ ।, ਗ੍ਰੀਨ ਵਿਲੇਜ਼ ਸੁਸਾਇਟੀ, ਬੀਣੇਵਾਲ ।
ਉਪਕਾਰ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ, ਗੜ੍ਹਸ਼ੰਕਰ ।
ਮਾਤਾ ਅਮਰ ਕੌਰ, ਚਰਨ ਕੌਰ ਵੈਲਫੇਅਰ ਸੁਸਾਇਟੀ, ਭੁੰਗਰਨੀ, ਹੁਸ਼ਿਆਰਪੁਰ।
ਲੈਕ: ਰਜਿੰਦਰ ਕੁਮਾਰ ਸ਼ਰਮਾ, ਬੰਗਾ।, ਸਮਾਜ ਭਲਾਈ ਸਵੈ-ਸੇਵੀ ਸੰਸਥਾ, ਪਿੰਡ ਸੁੱਜੋਂ ।
ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਚੈਰੀਟੇਬਲ ਹਸਪਤਾਲ ਕੁਲਪੁਰ, ਨਵਾਂਗਰਾ ।
ਸ: ਜਤਿੰਦਰ ਸਿੰਘ ਲਾਡੀ ਸਭ ਦਾ ਭਲਾ ਚੈਰੀਟੇਬਲ ਹਸਪਤਾਲ, ਸ਼ਿਕਾਰ ਮਾਸ਼ੀਆਂ (ਗੁਰਦਾਸਪੁਰ)
ਰਵਿੰਦਰ ਕੌਰ ਕਨੇਡਾ ਐਮਾਂ ਜੱਟਾਂ, ਸੁਰਿੰਦਰ ਸਿੰਘ ਯੂ.ਕੇ. ਐਮਾਂ ਜੱਟਾਂ,
ਡਾ: ਪਰਮਿੰਦਰ ਸਿੰਘ ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਖਾਸਲਾ ਕਾਲਜ, ਮਾਹਿਲਪੁਰ ।
ਡਾ: ਤਰਸੇਮ ਸਿੰਘ ਭਿੰਡਰ ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ, ਬੰਗਾ ।

ਇਸ ਮੌਕੇ ਤੇ ਧਾਰਮਿਕ ਪੁਸਤਕਾਂ ਦਾ ਲੰਗਰ ਲਗਾਇਆ ਜਾਵੇਗਾ ।

ਲਾਈਵ ਚੈਨਲ ਮਿਸਟਰ ਸਿੰਘ ਪ੍ਰੋਡੈਕਸ਼ਨ ਟੀ.ਵੀ. ਚੈਨਲ ਤੇ ਲਾਈਵ ਹੋਵੇਗਾ ।

ਸਨਮਾਨਿਤ ਸਖਸ਼ੀਅਤਾਂ ਅਤੇ ਸੰਸਥਾਵਾਂ

ਮੇਜ਼ਰ ਮਨਦੀਪ ਸਿੰਘ ਵੈਲਫੇਅਰ ਸੁਸਾਇਟੀ ਨਵਾਂਸ਼ਹਿਰ ।
ਸ: ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ, ਢਾਹਾਂ ਕਲੇਰਾਂ ।
ਡਾ: ਕਸ਼ਮੀਰ ਚੰਦ ਐਮ.ਐਸ. ਪੀ.ਸੀ.ਐਮ.ਐਸ.-1, ਸਰਜੀਕਲ ਸਪੈਸ਼ਲਿਸਟ, ਐਮ.ਜੇ. ਲਾਈਫ ਹਸਪਤਾਲ, ਬੰਗਾ
ਡਾ: ਨਿਰਮਲ ਕੁਮਾਰ, ਐਸ.ਐਮ.ਓ. ਸੀ.ਐਚ.ਸੀ. ਬੀਣੇਵਾਲ, ਰਿਟਾਇਰ ਪ੍ਰਿੰਸੀਪਲ ਜਗਮੋਹਨ ਸਿੰਘ ਡਾਂਡੀਆਂ ।
ਰਿਟਾਇਰ ਵਾਈਸ ਚਾਂਸਲਰ ਧਰਮਜੀਤ ਸਿੰਘ ਪਰਮਾਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ

ਸਿਲਾਈ ਮਸ਼ੀਨਾਂ ਦੀ ਵੰਡ : ਆਰਥਿਕ ਪੱਖ ਤੋਂ ਕਮਜ਼ੋਰ ਲੜਕੀਆਂ/ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ ।
ਵੀਹਲ ਚੇਅਰ/ਟ੍ਰਾਈ ਸਾਇਕਲ ਦੀ ਵੰਡ: ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਪ੍ਰਦਾਨ ਕੀਤੇ ਜਾਣਗੇ।

**ਸਿੱਖ ਵਿਦਵਾਨ ਗਿਆਨੀ ਬਲਕਾਰ ਸਿੰਘ ਜੀ ਦਮਦਮੀ ਟਕਸਾਲ ਵਾਲੇ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਤੇ ਚਾਨਣਾਂ ਪਾਉਣਗੇ ।**

ਅਜ਼ਾਦ ਰੰਗਮੰਚ ਰਜਿ: ਕਲਾ ਭਵਨ ਫਗਵਾੜਾ ਵਲੋਂ ਬੀਬੀ ਕੁਲਵੰਤ ਦੇ ਨਿਰਦੇਸ਼ਨਾ ਤਹਿਤ "ਗੁਰੂ ਤੇਗ ਬਹਾਦਰ ਬੋਲਿਆ" ਨਾਟਕ ਪੇਸ਼ ਕੀਤਾ ਜਾਵੇਗਾ ।

ਆਪ ਜੀ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ ।

ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।


ਉਡੀਕਵਾਨ : ਸਮੂਹ ਆਹੁਦੇਦਾਰ ਅਤੇ ਮੈਂਬਰਾਨ ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ,
ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਿੰਡ ਐਮਾਂ ਜੱਟਾਂ (ਹੁਸ਼ਿਆਰਪੁਰ)
ਮੋਬਾ: 98153-48143, 98140-23547

ਛਾਪਕ : ਸੱਲ੍ਹਣ ਪ੍ਰਿੰਟਿੰਗ ਪ੍ਰੈਸ, ਬੰਗਾ # 94646-34793, 98159-01698

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ ਪਿੰਡ ਰੋਡੇ 2.6.1947 Birth Pind Rode

ਸ਼ਹੀਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 6.6.1984 Shaheedi Sri Darbar Sahib Amritsar



www.damdamitaksal.net

Physical death i do not fear death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ
ਨਾਮ ਜਪੋ ਕਿਰਤ ਕਰੋ ਵੰਡ ਛੱਕੋ
Naam Japo Kirat Karo Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243





ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਗੀਤ — ਮੈਂ ਪਰਦੇਸੀ ਆਇਆ ਜਦੋਂ

ਓਦਰਿਆ ਜਿਹਾ ਲੱਗਾ ਮੈਨੂੰ, ਮੇਰਾ ਸੁੰਨਾਂ-ਸੁੰਨਾਂ ਘਰ,
ਮੈਂ ਪਰਦੇਸੀ ਆਇਆ ਜਦੋਂ, ਝੋਲੇ. ਪੈਸਿਆਂ ਦੇ ਭਰ,
ਬੇਰੌਣਕ ਹਰ ਕੋਨਾਂ ਨਜ਼ਰ ਆਇਆ ਨਮ ਹੋਈਆ ਅੱਖਾਂ,
ਹਰ ਚੀਜ਼ ਬੇਢੰਗੀ ਜਿਹੀ ਲੱਗੇ ਜਦੋਂ ਇੱਧਰ-ਉੱਧਰ ਤੱਕਾਂ,
ਮਾਂ ਦੀ ਤਸਵੀਰ ਉੱਪਰ ਪਈ ਹੋਈ ਧੂੜ, ਮਿੱਟੀ ਜਦੋਂ ਮੈਂ ਪੂੰਝੀ,
ਅਹਿਸਾਸ ਹੋਇਆ ਜਿਵੇਂ ਉਸਦੀ ਪੁੱਤਰ ਕਹਿਣ ਦੀ ਆਵਾਜ਼ ਕੰਨਾਂ ਵਿੱਚ ਗੂੰਜੀ,
ਬੜੇ ਸਾਲ ਹੋ ਗਏ ਸੀ ਦੂਰ ਰਹਿੰਦੇ ਨੂੰ ਆਪਣੇਂ ਪਿੰਡ ਤੋਂ,
ਬੜਾ ਦਿਲ ਕਰਦਾ ਸੀ ਫਿਰ ਪਾਣੀਂ ਪੀਵਾਂ, ਖੇਤ ਵਾਲੇ ਖੂਹ ਦੀ ਟਿੰਡ ਤੋਂ,
ਵਰਾਂਡੇ ਵਾਲੀ. ਕੰਧ ਵਿੱਚ ਬਣੀਂ ਖਿੜਕੀ 'ਚੋਂ ਪਰਦਾ ਜਦੋਂ ਹਟਾਇਆ,
ਵੇਖਿਆ ਮੈਂ ਦਾਣੇਂ ਭੁੰਨਣ ਵਾਲੀ. ਭੱਠੀ ਦਾ ਗਲੀ. 'ਚੋਂ ਨਾਮ,ਨਿਸ਼ਾਨ ਮਿਟਾਇਆ,
ਮਿੱਤਰਾਂ ਦੀ ਢਾਣੀਂ ਗੁੰਮ ਜਿਹੀ ਹੋ ਗਈ, ਚੌਰਾਹੇ 'ਚ ਨਾਂ ਕੋਈ ਖੜ੍ਹਾ,
ਕਬੱਡੀ,ਖੋ-ਖੋ, ਕੋਟਲਾ ਛਪਾਕੀ ਆਦਿ ਖੇਡਾਂ ਖੇਡਣ ਵਾਲਾ. ਦਿਸੇ ਨਾਂ ਮੈਦਾਨ ਰੜਾ,
'ਦਿਲਸ਼ਾਨ' ਕਈ ਰਿਸ਼ਤਿਆਂ ਤੋਂ ਵਾਂਝਾ ਹੋ ਗਿਆ ਵਿੱਚ ਪਰਦੇਸ ਦੇ ਜਾ ਕੇ,
ਕਿੱਥੋਂ ਲੱਭਾਂ, ਕੀਹਨੂੰ ਪੁੱਛਾਂ, ਕੌਣ ਦੇਊਗਾ ਉਹ ਮੋੜ ਲਿਆ ਕੇ।

**-ਦਿਲਸ਼ਾਨ, ਮੋਬਾਈਲ-9914304172**

## '52 ਰਾਜੇ ਅਤੇ ਕਵੀ '

52 ਰਾਜੇ ਸੇਵਕ ਲੱਭਣ ਨਾ ਗੁਰੂ ਰਵਿਦਾਸ ਜੀ ਦੇ,
ਨਾ ਗੁਰੂ ਹਰਗੋਬਿੰਦ ਜੀ ਨਾਲ ਆਏ ਜੋ ਬਾਹਰ ਸਿੱਖੋ।
ਨਾ 51 ਕਵੀ ਗੁਰੂ ਗੋਬਿੰਦ ਸਿੰਘ ਵਾਲੇ ਲੱਭਦੇ ਨੇ,
ਮਿਥਿਹਾਸ ਦਾ ਵੱਡਾ ਹੋ ਰਿਹਾ ਹੈ ਪ੍ਰਚਾਰ ਸਿੱਖੋ।
ਸੱਚ ਝੂਠ ਦਾ ਕਦੇ ਨਹੀਂ ਪਤਾ ਲਗਦਾ,
ਜੋ ਪੜ੍ਹ ਸੁਣਕੇ ਕਰਦੇ ਨਹੀਂ ਵਿਚਾਰ ਸਿੱਖੋ।
ਪ੍ਰਚਾਰਕ, ਸੱਚ ਕਹਿੰਦਾ ਕਿ ਝੂਠ ਇਹ,
ਸਭ ਦੀ ਕਰੀ ਜਾਂਦੇ ਜੈ ਜੈਕਾਰ ਸਿੱਖੋ।
ਤੁਸੀਂ ਸੱਚ ਝੂਠ ਦੀ ਸਿੱਖ ਲਓ ਪਰਖ ਕਰਨੀ,
ਫਿਰ ਝੂਠ ਚੱਲਣਾ ਨਹੀਂ ਸ਼ਰੇ ਬਾਜ਼ਾਰ ਸਿੱਖੋ।
ਜਿਹਨਾਂ ਨੇ ਇਤਿਹਾਸ ਦਾ ਬੇੜਾ ਗ.ਰਕ ਕਰਿਆ,
ਉਹਨਾਂ ਨੂੰ ਇਤਿਹਾਸ ਦਾ ਸਮਝ ਬੈਠੇ ਅਲੰਬਰਦਾਰ ਸਿੱਖੋ।

**-ਮੇਜਰ ਸਿੰਘ ਬੁਢਲਾਡਾ**


ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


## ਮਹਾਰਾਸ਼ਟਰ ਦੇ ਮੁੱਖ ਮੰਤਰੀ ਫੜਨਵੀਸ ਵੱਲੋਂ ਪ੍ਰਿੰ. ਰੰਧਾਵਾ ਤੇ ਡਾ.ਬੁੱਟਰ ਦਾ ਸਨਮਾਨ

# ਸੰਤ ਗਿ.ਹਰਨਾਮ ਸਿੰਘ ਖਾਲਸਾ ਦੀ ਅਗਵਾਈ 'ਚ ਸ਼ਤਾਬਦੀ ਸ਼ਹੀਦੀ ਸਮਾਗਮਾਂ ਦੌਰਾਨ ਨਿਭਾਈ ਅਹਿਮ ਜ਼ਿੰਮੇਵਾਰੀ



**ਚੌਕ ਮਹਿਤਾ,30 ਜਨਵਰੀ( ਬਾਬਾ ਸੁਖਵੰਤ ਸਿੰਘ ਚੰਨਣਕੇ)**-'ਹਿੰਦ ਦੀ ਚਾਦਰ'ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਬੀਤੀ 24 ਤੇ 25 ਜਨਵਰੀ ਨੂੰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਮਹਾਂਰਾਸ਼ਟਰ ਸਰਕਾਰ ਵੱਲੋਂ ਰਾਜ ਪੱਧਰ 'ਤੇ ਆਯੋਜਿਤ ਦੋ ਦਿਨਾਂ ਸ਼ਹੀਦੀ ਸਮਾਗਮਾਂ ਦੌਰਾਨ ਦਸ਼ਮੇਸ਼ ਵਿੱਦਿਅਕ ਸੰਸਥਾਵਾਂ ਦੇ ਮੈਨੇਜਿੰਗ ਡਾਇਰੈਕਟਰ ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ.ਅਵਤਾਰ ਸਿੰਘ ਬੁੱਟਰ ਵੱਲੋਂ ਸਮਾਗਮਾਂ ਦੀ ਸਫਲਤਾ ਲਈ ਮੁੱਖ ਤੇ ਲੋੜੀਂਦੇ ਪ੍ਰਬੰਧਾਂ ਨੂੰ ਸਚਾਰੂ ਢੰਗ ਨਾਲ ਨੇਪੜੇ ਚਾੜ੍ਹਦੇ ਹੋਏ ਅਹਿਮ ਜ਼ਿੰਮੇਵਾਰੀ ਨਿਭਾਈਆਂ ਗਈਆਂ। ਸਮਾਗਮਾਂ ਦੀ ਸ਼ਾਨਦਾਰ ਸਮਾਪਤੀ ਉਪਰੰਤ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੱਲੋਂ ਜਿੱਥੇ ਪ੍ਰਿੰ.ਰੰਧਾਵਾ ਤੇ ਡਾ.ਬੁੱਟਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ,ਉੱਥੇ ਹੀ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਵੀ ਸਮਾਗਮਾਂ ਦੌਰਾਨ ਸੌਂਪੇ ਕਾਰਜਾਂ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਪ੍ਰਸ਼ੰਸਾ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV


ਪ੍ਰਿੰ.ਰੰਧਾਵਾ ਤੇ ਡਾ. ਬੁੱਟਰ ਨੇ ਇਸ ਸਨਮਾਨ ਲਈ ਮੁੱਖ ਮੰਤਰੀ ਫੜਨਵੀਸ ਤੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੌਰਾਨ ਮਹਾਂਰਾਸ਼ਟਰ ਸਰਕਾਰ ,ਤਖਤ ਸ੍ਰੀ ਹਜ਼ੂਰ ਸਾਹਿਬ ਬੋਰਡ ਤੇ ਦਮਦਮੀ ਟਕਸਾਲ ਵੱਲੋਂ ਨਿਭਾਈ ਗਈ ਭੂਮਿਕਾ ਸ਼ਲਾਘਾਯੋਗ ਹੈ,ਜਿੰਨ੍ਹਾਂ ਨੇ ਆਪਸੀ ਤਾਲਮੇਲ ਨਾਲ ਨਾ ਕੇਵਲ ਇੰਨ੍ਹਾਂ ਸਮਾਗਮਾਂ ਨੂੰ ਸਫਲ ਬਣਾਇਆ,ਬਲਕਿ ਮਹਾਂਰਾਸ਼ਟਰ 'ਚ ਵੱਸਦੇ ਸਿੱਖ ਸੁਮਦਾਏ ਦੇ ਲੁਬਾਣਾ ਸਮਾਜ, ਵਣਜਾਰਾ ਸਮਾਜ,ਸਿੰਧੀ ਸਮਾਜ,ਬਾਲਮੀਕੀ ਸਮਾਜ ਤੇ ਸਿਕਲੀਗਰ ਸਮਾਜ ਨੂੰ ਇੱਕ ਧਾਗੇ 'ਚ ਪਰੋਦੇ ਹੋਏ ਇੱਕ ਨਵਾਂ ਇਤਿਹਾਸ ਸਿਰਜ ਦਿੱਤਾ।ਉਨ੍ਹਾਂ ਕਿਹਾ ਕਿ ਸਮਾਗਮਾਂ ਦੌਰਾਨ ਮਹਾਰਾਸ਼ਟਰ ਸਰਕਾਰ ਵੱਲੋਂ ਕੀਤੇ ਗਏ ਉਪਰਾਲਿਆਂ ਦੇ ਤਹਿਤ ਸੰਗਤਾਂ ਦੀ ਸੁੱਖ ਸੁਵਿਧਾ ਲਈ ਰਹਿਣ-ਸਹਿਣ ਦਾ ਵਧੀਆ ਪ੍ਰਬੰਧ ਕੀਤੇ ਗਏ,ਖਾਣ ਪੀਣ ਲਈ ਸ਼ਾਨਦਾਰ ਲੰਗਰ ਲਗਾਏ ਗਏ ਤੇ ਆਵਾਜਾਈ ਲਈ ਸਪੈਸ਼ਲ ਟ੍ਰੇਨਾਂ ਚਲਾਈਆ ਗਈਆਂ,ਜਿਸ ਦੇ ਚੱਲਦਿਆਂ ਲੱਖਾਂ ਦੀ ਗਿਣਤੀ 'ਚ ਸੰਗਤਾਂ ਨੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਹਾਜ਼ਰੀ ਭਰਦੇ ਹੋਏ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਿਜਦਾ ਕੀਤਾ ।ਇਸ ਸਭ ਦਾ ਸਿਹਰਾ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ,ਜਥੇਦਾਰ ਸੰਤ ਬਾਬਾ ਕੁਲਵੰਤ ਸਿੰਘ,ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤੇ ਕੈਬਨਿਟ ਮੰਤਰੀ ਰਾਮੇਸ਼ਵਰ ਨਾਇਕ ਦੇ ਅਣਥੱਕ ਯਤਨਾਂ ਨੂੰ ਜਾਂਦਾ ਹੈ,ਜਿੰਨ੍ਹਾਂ ਦੀ ਬਦੌਲਤ ਧਰਮ ਤੇ ਸੱਚ ਦੀ ਖਾਤਿਰ ਆਪਣਾ ਸੀਸ ਬਲੀਦਾਨ ਕਰਨ ਵਾਲੇ 'ਹਿੰਦ ਦੀ ਚਾਦਰ' ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਨਾਲ ਸ਼ਹੀਦ ਹੋਏ ਭਾਈ ਮਤੀ ਦਾਸ,ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹਾਦਤ ਦਿਵਸ ਮੌਕੇ ਕਰਾਏ ਗਏ ਇਹ ਸਮਾਗਮ ਪੂਰੀ ਤਰ੍ਹਾਂ ਨਾਲ ਯਾਦਗਰੀ ਹੋ ਨਿਬੜੇ ਹਨ।

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★






SANJHA PUNJAB

VEG & NON-VEG INDIAN

TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com

## SANJHA PUNJAB

VEG & NON-VEG INDIAN

0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ਿ ਕੌਮ AWAZE QAUM
International Newspaper & WEB TV





# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway
Crossing, Maqsudan
Jalandhar-144 008

**Contact :**
**98150-83338**
**70879-59639**




ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

**-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'**


350 ਸਾਲਾ ਸ਼ਹੀਦੀ ਦਿਵਸ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ,
ਭਾਈ ਮਤੀਦਾਸ ਭਾਈ ਸਤੀ ਦਾਸ ਭਾਈ ਦਿਆਲਾ ਜੀ ਨੂੰ ਸਮਰਪਿਤ
ਸੁੱਖ ਸੇਵਾ ਸਿਮਰਨ ਟਰੱਸਟ (ਰਜ਼ਿ:)
ਵੱਲੋਂ
21 ਸਭਾਗੇ ਜੋੜਿਆਂ ਦੇ ਅਨੰਦ ਕਾਰਜ
ਅਨੰਦ ਕਾਰਜ ਅਤੇ ਗੁਰਮਤਿ ਸਮਾਗਮ
ਮਿਤੀ 22 ਫਰਵਰੀ 2026
ਸਵੇਰੇ 10 ਤੋਂ ਦੁਪਹਿਰ 3 ਵਜੇ ਤੱਕ
ਸਥਾਨ -
ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ
ਦਾਦੂ ਸਾਹਿਬ
ਨੇੜੇ ਕਾਲਾਂਵਾਲੀ ਮੰਡੀ,
ਜ਼ਿਲ੍ਹਾ ਸਿਰਸਾ (ਹਰਿਆਣਾ)
LIVE ON
Akaal
CHARDIKLA TIME TV
ਆਵਾਜ਼ਿ ਕੌਮ AWAZE QAUM TV
YouTube
ਲੋੜਵੰਦ ਪ੍ਰੀਵਾਰ ਆਪਣੀਆਂ ਬੱਚੀਆਂ ਦੇ ਨਾਮ 15 ਜਨਵਰੀ ਤੋਂ
ਪਹਿਲਾਂ ਪਹਿਲਾਂ ਦਰਜ ਕਰਵਾਉਣ ਦੀ ਕਿਰਪਾਲਤਾ ਕਰੋ ਜੀ
ਬੇਨਤੀ ਕਰਤਾ - ਸੁੱਖ ਸੇਵਾ ਸਿਮਰਨ ਟਰਸੱਟ (ਰਜ਼ਿ) ਜੱਥਾ ਦਾਦੂ ਸਾਹਿਬ
ਸਮੂੰਹ ਨਗਰ ਅਤੇ ਇਲਾਕਾ ਨਿਵਾਸੀ ਸਾਧ ਸੰਗਤ
ਨੋਟ: ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸੰਪਰਕ ਨੰ: 93560-60960, 97791-72813
ਅੰਬੈਸਡਰ ਫਾਰ ਪੀਸ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ, ਸੁੱਖ ਸੇਵਾ ਸਿਮਰਨ ਟਰੱਸਟ (ਰਜ਼ਿ:)


!! ਪੂਜਾ ਅਕਾਲ ਕੀ !!
!! ਪਰਚਾ ਸ਼ਬਦ ਕਾ !!
!! ਦੀਦਾਰ ਖਾਲਸੇ ਕਾ !!
ਸਮੂੰਹ ਇਲਾਕਾ ਨਿਵਾਸੀਆਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਹਰ ਸਾਲ ਦੀ ਤਰ੍ਹਾਂ
ਸੱਤਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਅਤੇ
ਸੱਚਖੰਡ ਵਾਸੀ ਸੰਤ ਬਾਬਾ ਲਾਭ ਸਿੰਘ ਜੀ ਅਤੇ ਸੰਤ ਬਾਬਾ ਹਰੀ ਸਿੰਘ ਜੀ
ਦੇਸੂਯੋਧਾ ਵਾਲਿਆਂ ਦੀ ਮਿੱਠੀ ਯਾਦ ਨੂੰ ਸਮਰਪਿਤ
20ਵਾਂ ਸਾਲਾਨਾ ਧਾਰਮਿਕ ਸਮਾਗਮ
ਮਿਤੀ 29-30-31
ਜਨਵਰੀ 2026
ਦਿਨ ਵੀਰਵਾਰ, ਸ਼ੁੱਕਰਵਾਰ
ਅਤੇ ਸ਼ਨੀਵਾਰ
ਸਮਾਂ :
ਸਵੇਰੇ 11 ਵਜੇ
ਤੋਂ 2 ਵਜੇ ਤੱਕ
ਸਥਾਨ :
ਪਿੰਡ ਜੋਗੇਵਾਲਾ
ਕੋਠੇ ਹਰਿ ਰਾਏ ਸਾਹਿਬ ਜੀ
ਨੇੜੇ ਡੱਬਵਾਲੀ ਮੰਡੀ ਸਿਰਸਾ ਵਿਖੇ
ਮਿਤੀ 31 ਜਨਵਰੀ, 3 ਵਜੇ
ਅੰਮ੍ਰਿਤ ਸੰਚਾਰ ਵੀ ਹੋਵੇਗਾ
ਅੰਬੈਸਡਰ ਫਾਰ ਪੀਸ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ
ਸੰਤ ਬਾਬਾ ਬੂਟਾ ਸਿੰਘ ਗੁਰਥੜੀ ਵਾਲੇ,
ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਜੱਥਾ ਗੁਰਦੁਆਰਾ ਦਾਦੂ ਸਾਹਿਬ, ਬਾਬਾ ਜਸਵਿੰਦਰ ਸਿੰਘ ਤਿਉਣਾ ਵਾਲੇ
ਗੁਰਬਾਣੀ ਕਥਾ ਕੀਰਤਨ ਦੁਆਰਾ ਸਿੱਖ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ।
ਸਰਬੱਤ ਸੰਗਤਾਂ ਸਮੇਂ ਸਿਰ ਹਾਜ਼ਰੀ ਭਰ ਕੇ ਗੁਰਬਾਣੀ ਕਥਾ ਕੀਰਤਨ ਦਾ ਲਾਹਾ ਪ੍ਰਾਪਤ ਕਰੋ ਜੀ।
ਬੇਨਤੀ ਕਰਤਾ -
ਸਮੂੰਹ ਸਾਧ ਸੰਗਤ, ਪਿੰਡ ਜੋਗੇਵਾਲਾ, ਨੇੜੇ ਡੱਬਵਾਲੀ, ਸਿਰਸਾ
86840-10671, 94167-69745, 95887-20116
94679-08015, 87088-48139

ਰੋਜ਼ਾਨਾ ਸਵਾ ਲੱਖ ਮੂਲ ਮੰਤਰ ਜਾਪ

ਨਾਮ ਰਸੀਏ ਅਸੀਸਾਂ ਬਖ਼ਸ਼ਣ ਨਾਮ ਅਭਿਆਸੀ ਹਾਜ਼ਰੀਆਂ ਭਰਨ

ਰੋਜ਼ਾਨਾ 125 ਪਾਠ ਸੁਖਮਨੀ ਸਾਹਿਬ

# ਗੁਰ ਭਗਤੀ ਸ਼ਬਦ ਜਾਪ

ਧੰਨ ਬਾਬਾ ਨੰਦ ਸਿੰਘ ਜੀ ਧੰਨ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੀ ਯਾਦ ਵਿੱਚ ਅਭਿਆਸੀ ਗੁਰਸਿੱਖਾਂ ਨੂੰ ਸਮਰਪਿਤ

1 ਜਨਵਰੀ ਤੋਂ 5 ਫਰਵਰੀ ਪੋਹ ਮਾਘ 2026

ਨਾਨਕਸਰ ਕੁਟੀਆ ਪਟਿਆਲਾ ਵਿਖੇ

36 ਦਿਨ ਸ਼ਾਮ 7:00 ਤੋਂ 9:00 ਕੀਰਤਨ-ਕਥਾ

## 36 ਦਿਨ, 36 ਬਾਣੀਆਂ, 36 ਵਿਦਵਾਨ

**31 ਜਨਵਰੀ 2026**

**ਵਿਸ਼ਾ: ਸਵਯੇ ਸ੍ਰੀ ਮੁਖਬਾਕ੍ ਮਹਲਾ ੫**



ਰਾਗੀ ਸੰਤੋਖ ਸਿੰਘ



ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ

ਆਵਾਜ਼ਿ ਕੌਮ AWAZE QAUM International Newspaper & WEB TV



ਅਰਜ਼ੋਈ ਕਰਤਾ:
ਬਾਬਾ ਹਰਚਰਨ ਸਿੰਘ,
ਨਾਨਕਸਰ ਕੁਟੀਆ ਬਿਹੰਗਮ,ਸਤਿਸੰਗੀ,
ਤ੍ਰਿਪੜੀ,ਪਟਿਆਲਾ,ਪੰਜਾਬ
9815133113

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥


# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



ਧੰਨ ਧੰਨ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ

# ਮਹਾਨ ਅਵਤਾਰ ਪੁਰਬ



ਸ਼੍ਰੋਮਣੀ ਭਗਤ
ਭਗਤ ਰਵਿਦਾਸ ਸਾਹਿਬ ਜੀ

ਜਨਮ ਦਿਹਾੜਾ ਸ਼੍ਰੋਮਣੀ ਭਗਤ ਭਗਤ ਰਵਿਦਾਸ ਸਾਹਿਬ ਜੀ, ਜਨਮ ਦਿਹਾੜਾ ਸਿਰ ਲੱਥ ਯੋਧੇ ਅਨੋਖੇ ਅਮਰ ਸ਼ਹੀਦ ਦਮਦਮੀ ਟਕਸਾਲ ਦੇ ਪਹਿਲੇ ਮੁੱਖੀ ਧੰਨ ਧੰਨ ਬਾਬਾ ਦੀਪ ਸਿੰਘ ਸਾਹਿਬ ਜੀ, ਅਵਤਾਰ ਪੁਰਬ ਧੰਨ ਧੰਨ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।



ਧੰਨ ਧੰਨ ਬਾਬਾ ਦੀਪ
ਸਿੰਘ ਸਾਹਿਬ ਜੀ

• ਸ਼ੁੱਕਰਵਾਰ 10 : 00 ਵਜੇ ਆਰੰਭਤਾ ਹੋਵੇਗੀ ਅਤੇ ਐਤਵਾਰ 10:00 ਵਜੇ ਭੋਗ ਪੈਣਗੇ। • ਸ਼ਨਿੱਚਰਵਾਰ 31 ਜਨਵਰੀ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 1 ਫਰਵਰੀ 2026 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਉਪਰੰਤ 1: 00 ਵਜੇ ਤੱਕ ਦੀਵਾਨ ਸੱਜਣਗੇ।

ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਗੁਰ ਸਿੱਖ ਪਰਿਵਾਰ ਭਾਈ ਹਰਜੀਤ ਸਿੰਘ ਲੋਧੀ ਵੱਲੋਂ ਲਈ ਗਈ ਹੈ।

ਕਵੀਸ਼ਰੀ ਜਥਾ ਭਾਈ ਸਤਨਾਮ ਸਿੰਘ ਸਰਹਾਲੀ ਕਵੀਸ਼ਰੀ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਤਰਾ ਤਰ੍ਹਾਂ ਦੇ ਸਟਾਲ ਲੱਗਣਗੇ, ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☚ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

### 25 ਫਰਵਰੀ ਦੀ ਖ਼ਾਲਸਾ ਵਹੀਰ ਤੋਂ ਪਹਿਲਾਂ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ

# ਸਮੁੱਚੀ ਲੀਡਰਸ਼ਿਪ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ



ਅੰਮ੍ਰਿਤਸਰ 30 ਜਨਵਰੀ ( ) ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਵੱਲੋਂ ਅੱਜ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਬਾਪੂ ਤਰਸੇਮ ਸਿੰਘ ਜੀ ਦੀ ਅਗਵਾਈ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਨਤਮਸਤਕ ਹੋ ਕੇ ਪੰਜਾਬ ਦੀ ਚੜ੍ਹਦੀ ਕਲਾ, ਪੰਥਕ ਏਕਤਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਅਰਦਾਸ ਦਾ ਮੁੱਖ ਮਕਸਦ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ 25 ਫਰਵਰੀ ਨੂੰ ਕੱਢੀ ਜਾਣ ਵਾਲੀ ਵਹੀਰ ਤੋਂ ਪਹਿਲਾਂ ਗੁਰੂ ਘਰ ਵਿੱਚ

ਆਵਾਜ਼ਿ ਕੌਮ AWAZE QAUM International Newspaper & WEB TV

ਹਾਜ਼ਰੀ ਭਰ ਕੇ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪਵਿੱਤਰ ਅਸਥਾਨ ਤੋਂ ਆਸ਼ੀਰਵਾਦ ਪ੍ਰਾਪਤ ਕਰਨਾ ਸੀ, ਤਾਂ ਜੋ ਇਹ ਪੰਥਕ ਅਤੇ ਲੋਕ-ਪੱਖੀ ਮੁਹਿੰਮ ਗੁਰੂ ਸਾਹਿਬਾਨ ਦੀ ਮਿਹਰ ਸਦਕਾ ਸਫਲ ਹੋ ਸਕੇ। ਨਤਮਸਤਕ ਹੋਣ ਉਪਰੰਤ ਭਾਈ ਗੁਰਦਾਸ ਵਿਖੇ ਕੋਆਰਡੀਨੇਟਰ ਭਾਈ ਪਰਮਜੀਤ ਸਿੰਘ ਜੌਹਲ, ਸ੍ਰ ਬਾਬੂ ਸਿੰਘ ਬਰਾੜ ਅਤੇ ਸ੍ਰ ਕਾਬੁਲ ਸਿੰਘ ਜੀ ਅਗਵਾਈ ਵਿੱਚ ਹੋਈ ਅਹਿਮ ਮੀਟਿੰਗ ਦੌਰਾਨ ਪੰਜਾਬ ਦੀ ਮੌਜੂਦਾ ਸਿਆਸੀ, ਸਮਾਜਿਕ ਅਤੇ ਆਰਥਿਕ ਸਥਿਤੀ 'ਤੇ ਵਿਚਾਰ ਕਰਦਿਆਂ ਆਗੂਆਂ ਨੇ ਕਿਹਾ ਕਿ ਅੱਜ ਪੰਜਾਬ ਗੰਭੀਰ ਸੰਕਟ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਜਿੱਥੇ ਨੌਜਵਾਨ ਨਸ਼ਿਆਂ ਦੀ ਭੇਂਟ ਚੜ੍ਹ ਰਹੇ ਹਨ, ਬੇਰੁਜ਼ਗਾਰੀ ਵਧ ਰਹੀ ਹੈ ਅਤੇ ਕਿਸਾਨ ਮਜ਼ਦੂਰ ਆਰਥਿਕ ਤੰਗੀਆਂ ਨਾਲ ਜੂਝ ਰਹੇ ਹਨ। ਮੀਟਿੰਗ ਵਿੱਚ ਨਸ਼ਿਆਂ ਦੀ ਰੋਕਥਾਮ, ਬੇਰੁਜ਼ਗਾਰੀ ਦੇ ਖਾਤਮੇ ਲਈ ਉਦਯੋਗਕ ਵਿਕਾਸ, ਨੌਜਵਾਨਾਂ ਲਈ ਰੋਜ਼ਗਾਰ ਅਤੇ ਹੁਨਰ ਵਿਕਾਸ, ਮਹਿੰਗੀ ਤੇ ਨਿੱਜੀਕਰਨ ਵੱਲ ਵਧ ਰਹੀ ਸਿੱਖਿਆ ਪ੍ਰਣਾਲੀ ਅਤੇ ਬੁਨਿਆਦੀ ਢਾਂਚੇ ਦੀ ਕਮੀ ਵਰਗੇ ਮੁੱਦਿਆਂ 'ਤੇ ਚਰਚਾ ਕਰਦਿਆਂ ਇਹ ਫੈਸਲਾ ਕੀਤਾ ਗਿਆ ਕਿ ਜਲਦ ਹੀ ਪਾਰਟੀ ਵੱਲੋਂ ਇੱਕ ਲੋਕਪੱਖੀ ਅਤੇ ਦੂਰਦਰਸ਼ੀ ਵਿਜ਼ਨ ਡਾਕੂਮੈਂਟ ਤਿਆਰ ਕੀਤਾ ਜਾਵੇਗਾ। ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਆਏ ਅਤੇ ਮੀਟਿੰਗ ਵਿੱਚ ਮੁੱਖ ਤੌਰ ਤੇ ਸ਼ਾਮਿਲ ਆਗੂਆਂ ਵਿੱਚ ਸ੍ਰ ਲੱਖਾ ਸਿੰਘ ਸਿਧਾਣਾਂ, ਚਾਚਾ ਪ੍ਰਗਟ ਸਿੰਘ, ਅਜੇਪਾਲ ਸਿੰਘ ਢਿਲੋਂ, ਸਰਬਜੀਤ ਸਿੰਘ ਖ਼ਾਨਪੁਰ, ਭਾਈ ਜੁਗਰਾਜ ਸਿੰਘ ਲਾਲਾਨੰਗਲ, ਭਾਈ ਗੁਰਪ੍ਰੀਤ ਸਿੰਘ ਘਾਂਗਾ, ਭਾਈ ਬਰਜਿੰਦਰ ਸਿੰਘ ਹੁਸੈਨਪੁਰ, ਦਲੇਰ ਸਿੰਘ ਡੋਡ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਸੰਦੀਪ



ਸਿੰਘ ਰੁਪਾਲੋਂ, ਭਾਈ ਦਲਜੀਤ ਸਿੰਘ ਸੋਢੀ, ਬੀਬੀ ਰਾਜਵਿੰਦਰ ਕੌਰ ਘੜਾਮ, ਸੁਰਿੰਦਰਪਾਲ ਸਿੰਘ ਤਾਲਿਬਪੁਰਾ, ਬਲਦੇਵ ਸਿੰਘ ਜੱਲ੍ਹਪੁਰ, ਪ੍ਰਗਟ ਸਿੰਘ ਵਿਰਕ, ਗੁਰਮਿੰਦਰ ਸਿੰਘ ਚਾਵਲਾ, ਜਤਿੰਦਰ ਸਿੰਘ ਮਹਿਤਾ, ਭਾਈ ਦਯਾ ਸਿੰਘ ਰਾਜਾਤਾਲ, ਸ੍ਰ ਸਵਰਨ ਸਿੰਘ ਗੋਲਡਨ, ਸੁਖਬੀਰ ਸਿੰਘ ਚੀਮਾਂ, ਮਹਿੰਦਰਪਾਲ ਸਿੰਘ ਤੁੰਗ, ਰਣਜੀਤ ਸਿੰਘ ਤਲਵੰਡੀ, ਸ੍ਰ ਬਲਜੀਤ ਸਿੰਘ ਚਾਟੀਵਿੰਡ, ਨਿਰਵੈਰ ਸਿੰਘ ਖ਼ਾਲਸਾ, ਜੁਗਰਾਜ ਸਿੰਘ ਉਦੋਨੰਗਲ, ਸਰਪੰਚ ਹਰਜਿੰਦਰ ਸਿੰਘ ਜ਼ੀਰਾ, ਗੁਰਮੀਤ ਸਿੰਘ ਮਾਹਲਾ, ਜਗਸੀਰ ਸਿੰਘ ਸ਼ੇਰਗੜ ?, ਜੁਗਰਾਜ ਸਿੰਘ ਭੰਗਵਾਂ, ਇੰਦਰਜੀਤ ਸਿੰਘ ਫ਼ਤਹਿਗੜ੍ਹ ਚੂੜੀਆਂ, ਗੁਰਜੰਟ ਸਿੰਘ, ਰਮਨਪ੍ਰੀਤ ਸਿੰਘ, ਨਿਤਿਨ ਕੁਮਾਰ, ਹਰਜੀਤ ਸਿੰਘ ਮਾਨਸਾ, ਐਡਵੋਕੇਟ ਗੁਰਜੀਤ ਸਿੰਘ ਕਾਦੀਆਂ, ਹਰਜੀਤ ਸਿੰਘ ਮਾਨਸਾ, ਭਾਈ ਹਰਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਗੂ ਸਾਹਿਬਾਨ ਅਤੇ ਪਾਰਟੀ ਵਰਕਰ ਹਾਜ਼ਰ ਸਨ। ਅੰਤ ਵਿੱਚ ਆਗੂਆਂ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਗੁਰੂ ਸਾਹਿਬਾਨ ਦੀ ਬਖ਼ਸ਼ੀ ਹੋਈ ਸਿੱਖਿਆ ਅਤੇ ਸ਼ਹੀਦੀ ਪਰੰਪਰਾ ਤੋਂ ਪ੍ਰੇਰਿਤ ਹੋ ਕੇ ਬਿਨਾਂ ਕਿਸੇ ਭੇਦਭਾਵ ਦੇ ਪੰਜਾਬ ਅਤੇ ਪੰਜਾਬੀਆਂ ਦੇ ਹੱਕਾਂ ਲਈ ਹਰ ਮੋਰਚੇ 'ਤੇ ਡੱਟ ਕੇ ਸੰਘਰਸ਼ ਕਰਦਾ ਰਹੇਗਾ।

**ਪੰਜਾਬ ਦੀ ਭਵਿੱਖਤ ਰਾਜਨੀਤੀ ਅਤੇ ਅਗਲੀ ਰਣਨੀਤੀ ਸਬੰਧੀ ਅਹਿਮ ਮੀਟਿੰਗ**

### ਸਪਰਿੰਗ ਬਰਡਸ ਸਕੂਲ ਸੈਦੋ ਲੇਹਲ ਖੁਜਾਲਾ ਦੇ ਬੱਚਿਆਂ ਨੇ

# ਸ਼੍ਰੋਮਣੀ ਕਮੇਟੀ ਤੋਂ ਵਜੀਫੇ ਪ੍ਰਾਪਤ ਕੀਤੇ

**ਚੌਕ ਮਹਿਤਾ, 31ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪ੍ਰਿੰਸੀਪਲ ਮੈਡਮ ਗੁਰਪ੍ਰੀਤ ਕੌਰ ਅਤੇ ਐਮ ਡੀ ਪਰਮਿੰਦਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸਪਰਿੰਗ ਬਰਡਸ ਸੀਨੀਅਰ ਸੈਕੈਂਡਰੀ ਸਕੂਲ ਅੱਡਾ ਸੈਦੋਲੇਹਲ ਖੁਜਾਲਾ ਮਹਿਤਾ ਰੋਡ ਸ੍ਰੀ ਅੰਮ੍ਰਿਤਸਰ ਵਿਖੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਧਰਮ ਪ੍ਰਚਾਰ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ 2024 ਵਿੱਚ ਲਈ ਗਈ ਧਾਰਮਿਕ ਪ੍ਰੀਖਿਆ ਵਿੱਚ ਸਕੂਲ ਦੇ 105 ਬੱਚਿਆ ਨੇ ਭਾਗ ਲਿਆ। ਜਿਸ ਵਿੱਚੋਂ ਪਹਿਲੇ ਦਰਜੇ ਦੇ 11 ਬੱਚਿਆਂ ਅਤੇ ਦੂਜੇ ਦਰਜੇ ਦੇ 7 ਬੱਚਿਆਂ ਨੇ ਕਰਮਵਾਰ 1100 ਤੇ 2100 ਦੇ ਵਜੀਫੇ ਪ੍ਰਾਪਤ ਕੀਤੇ ਅਤੇ 23 ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ । ਸਕੂਲ ਦੇ ਐਮਡੀ ਸਰਦਾਰ ਪਰਮਿੰਦਰ ਸਿੰਘ ਸੈਦੋਲੇਹਲ ਨੇ ਇਸ ਸ਼ੁਭ ਕਾਰਜ ਲਈ ਬੱਚਿਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਦੂਜੀ ਪੜ੍ਹਾਈ ਦੇ ਨਾਲ ਨਾਲ ਸਾਨੂੰ ਧਾਰਮਿਕ ਪ੍ਰੀਖਿਆ ਵੱਲ ਵੀ ਵੱਧ ਚੜ ਕੇ ਹਿੱਸਾ ਲੈਣਾ ਚਾਹੀਦਾ ਹੈ ਤਾਂ ਜੋ ਸਿੱਖ ਇਤਿਹਾਸ ਦੇ ਨਾਲ ਸਾਨੂੰ ਵੱਧ ਤੋਂ ਵੱਧ ਜਾਣਕਾਰੀ ਮਿਲ ਸਕੇ੍ਹ ਉਹਨਾਂ ਬੱਚਿਆਂ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਕਿ ਸਕੂਲ ਵੱਲੋਂ ਬੱਚਿਆਂ ਦਾ ਹਰ ਪੱਖ ਤੋਂ ਸਹਿਯੋਗ ਕੀਤਾ ਜਾਵੇਗਾ ਤਾਂ ਜੋ ਅੱਗੇ ਤੋ ਹੋਰ ਬੱਚੇ ਵੀ ਇਸਇਆਂ ਪ੍ਰੀਖਿਆ ਵੱਲ ਧਿਆਨ ਦੇ ਸਕਣ੍ਹ ਦੱਸਣ ਯੋਗ ਹੈ ਕਿ ਸਪਰਿੰਗ ਬਰਡ ਸਕੂਲ ਇਲਾਕੇ ਦਾ ਪਹਿਲਾ ਸਕੂਲ ਹੈ ਜਿਸ ਦੀਆਂ ਸਭ ਤੋਂ ਵੱਧ ਪੁਜੀਸ਼ਨਾਂ ਆਇਆਂ ਹਨ।




ਆਵਾਜ਼ਿ ਕੌਮ AWAZE QAUM International Newspaper & WEB TV

# ਜਸਵੀਰ ਸਿੰਘ ਨੂੰ ਸਿਹਤ ਵਿਭਾਗ 'ਚ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਕੀਤਾ ਸਨਮਾਨ



**ਸੰਗਾਲਾ ( ਰਣਜੀਤ ਸਿੰਘ ਪੇਧਨੀ )**-26 ਜਨਵਰੀ ਗਣਤੰਤਰਤਾ ਦਿਵਸ਼ ਮੌਕੇ ਪੰਜਾਬੀ ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਮਨਾਏ ਗਏ ਗਣਤੰਤਰ ਦਿਵਸ ਮੌਕੇ ਕਰਵਾਗੇ ਗਏ ਪ੍ਰੋਗਰਾਮ ਦੌਰਾਨ ਵੱਖ ਵੱਖ ਖੇਤਰਾਂ ਵਿੱਚ ਚੰਗੀਆਂ ਸੇਵਾਵਾਂ ਨਿਭਾਉਣ ਵਾਲੇ ਵਿਅਕਤੀਆਂ ਨੂੰ ਸਨਮਾਨਿਤ ਕੀਤਾ ਗਿਆ ।ਇਸ ਦੌਰਾਨ ਕਮਿਊਨਿਟੀ ਹੈਲਥ ਸੈਂਟਰ ਸ਼ੇਰਪੁਰ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਹੇ ਸ੍ਰੀ ਜਸਵੀਰ ਸਿੰਘ ਕਲਰਕ ਨੂੰ ਸਿਹਤ ਵਿਭਾਗ ਅੰਦਰ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਸ੍ਰੀ ਰਿਸ਼ਭ ਬਾਂਸਲ ਪੀ ਸੀ ਐਸ ਉਪ ਮੰਡਲ ਮੈਜਿਸਟਰੇਟ ਧੂਰੀ ਵੱਲੋਂ ਉਹਨਾਂ ਵੱਲੋਂ ਉਹਨਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ।

ਆਵਾਜ਼ਿ ਕੌਮ AWAZE QAUM International Newspaper & WEB TV

# ਵਿਸ਼ਵ ਥਾਇਰੋਇਡ ਦਿਵਸ

ਹਰ ਸਾਲ 25 ਮਈ ਨੂੰ ਦੁਨੀਆ ਭਰ ਦੀ ਸਿਹਤ ਸੰਸਥਾਵਾਂ ਵਿਸ਼ਵ ਥਾਇਰੋਇਡ ਦਿਵਸ ਮਨਾਉਂਦੀਆਂ ਹਨ ਤਾਂ ਜੋ ਥਾਇਰੋਇਡ ਗ੍ਰੰਥੀ ਦੀ ਸਿਹਤ ਅਤੇ ਥਾਇਰੋਇਡ ਬਿਮਾਰੀਆਂ ਦੇ ਪ੍ਰਭਾਵ ਬਾਰੇ ਜਾਗਰੂਕਤਾ ਵਧਾਈ ਜਾ ਸਕੇ। ਥਾਇਰੋਇਡਜੋ ਕਿ ਗਲੇ ਦੇ ਹੇਠਲੇ ਹਿੱਸੇ ਵਿੱਚ ਇੱਕ ਤਿਤਲੀ ਦੇ ਆਕਾਰ ਦੀ ਗ੍ਰੰਥੀ ਹੈ ਵੱਖ-ਵੱਖ ਸਰੀਰਕ ਕਾਰਜਾਂ ਨੂੰ ਨਿਯੰਤ੍ਰਿਤ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਇਨ੍ਹਾਂ ਕਾਰਜਾਂ ਵਿੱਚ ਮੈਟਾਬੋਲਿਜ਼ਮ, ਊਰਜਾ ਉਤਪਾਦਨ ਅਤੇ ਸਰੀਰਕ ਵਿਕਾਸ ਸ਼ਾਮਿਲ ਹਨ। ਇਸ ਗ੍ਰੰਥੀ ਦੀ ਮਹੱਤਤਾ ਅਤੇ ਇਸ ਨਾਲ ਜੁੜੇ ਕਾਰਜਾਂ ਨੂੰ ਸਮਝਣਾ ਕੁੱਲ ਮਿਲਾ ਕੇ ਸਿਹਤ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੈ।



**ਥਾਇਰੋਇਡ ਰੋਗ ਬਾਬਤ ਭੂਮਿਕਾ**-ਥਾਇਰੋਇਡ ਗ੍ਰੰਥੀ ਉਹ ਹਾਰਮੋਨ ਉਤਪਾਦ ਕਰਦੀ ਹੈ ਜੋ ਸਰੀਰ ਦੇ ਮੈਟਾਬੋਲਿਜ਼ਮ ਲਈ ਅਤਿ ਜ਼ਰੂਰੀ ਹੁੰਦੇ ਹਨ ।ਇਹ ਹਾਰਮੋਨ, ਮੁੱਖ ਰੂਪ ਵਿੱਚ ਥਾਇਰੋਕਸਿਨ ਅਤੇ ਟ੍ਰਾਈਆਈਓਡੋਥਾਇਰੋਨਿਨ, ਸਰੀਰ ਦੇ ਊਰਜਾ ਦੀ ਵਰਤੋਂ 'ਤੇ ਪ੍ਰਭਾਵ ਪਾਉਂਦੇ ਹਨ ਜੋ ਕਿ ਲਗਭਗ ਹਰ ਅੰਗ ਪ੍ਰਣਾਲੀ ਨੂੰ ਪ੍ਰਭਾਵਿਤ ਕਰਦਾ ਹੈ। ਜਦੋਂ ਥਾਇਰੋਇਡ ਸਹੀ ਤਰੀਕੇ ਨਾਲ ਕੰਮ ਕਰਦੀ ਹੈ ਇਹ ਇੱਕ ਸਿਹਤਮੰਦ ਵਜ਼ਨ ਬਣਾਈ ਰੱਖਣ , ਦਿਲ ਦੀ ਧੜਕਨ ਨੂੰ ਨਿਯੰਤ੍ਰਿਤ ਕਰਨ ਅਤੇ ਦਿਮਾਗ ਦੇ ਕਾਰਜ ਨੂੰ ਸਮਰਥਨ ਦੇਣ ਵਿੱਚ ਮਦਦ ਕਰਦੀ ਹੈ। ਪਰ ਜਦੋਂ ਇਹ ਬਹੁਤ ਜਿਆਦਾ ਜਾਂ ਘੱਟ ਕੰਮ ਕਰਦੀ ਹੈ ਤਾਂ ਇਹ ਸਿਹਤ ਨਾਲ ਸੰਬੰਧਿਤ ਵੱਖ-ਵੱਖ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

**ਥਾਇਰੋਇਡ ਬਿਮਾਰੀਆਂ ਦੇ ਕਾਰਨ**-ਥਾਇਰੋਇਡ ਬਿਮਾਰੀਆਂ ਕਈ ਕਾਰਨਾਂ ਤੋਂ ਹੋ ਸਕਦੀਆਂ ਹਨ, ਜਿਵੇਂ ਕਿ: 1. ਆਤਮ ਪ੍ਰਤੀਕਿਰਿਆ ਵਾਲੀਆਂ ਬਿਮਾਰੀਆਂ: ਹਸ਼ਿਮੋਟੋ ਦੀ ਥਾਇਰੋਇਡਾਈਟਿਸ ਅਤੇ ਗ੍ਰੇਵਜ਼ ਦੀ ਬਿਮਾਰੀ ਵਰਗੀਆਂ ਸ਼੍ਰੇਣੀਆਂ ਉਸ ਵੇਲੇ ਹੁੰਦੀਆਂ ਹਨ ਜਦੋਂ ਇਮਿਊਨ ਪ੍ਰਣਾਲੀ ਗਲਤੀ ਨਾਲ ਥਾਇਰੋਇਡ ਗ੍ਰੰਥੀ 'ਤੇ ਹਮਲਾ ਕਰਦੀ ਹੈ। 2. ਆਈਓਡੀਨ ਦੀ ਘਾਟ: ਆਈਓਡੀਨ ਥਾਇਰੋਇਡ ਹਾਰਮੋਨ ਦੇ ਉਤਪਾਦਨ ਲਈ ਅਤਿ ਜ਼ਰੂਰੀ ਹੈ ।ਖੁਰਾਕ ਵਿੱਚ ਆਈਓਡੀਨ ਦੀ ਘਾਟ ਗੋਇਟਰ ਅਤੇ ਹੋਰ ਥਾਇਰੋਇਡ-ਸੰਬੰਧੀ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ। 3. ਜਿਨਸੀ ਪੱਧਰ: ਪਰਿਵਾਰਕ ਇਤਿਹਾਸ ਕਿਸੇ ਵਿਅਕਤੀ ਦੀ ਥਾਇਰੋਇਡ ਬਿਮਾਰੀ ਦੇ ਪ੍ਰਤੀ ਸੰਵੇਦਨਸ਼ੀਲਤਾ 'ਤੇ ਮਹੱਤਵਪੂਰਣ ਭੂਮਿਕਾ ਨਿਭਾ ਸਕਦਾ ਹੈ। 4. ਰੇਡੀਏਸ਼ਨ ਦਾ ਸੰਪਰਕ: ਰੇਡੀਏਸ਼ਨ ਦੇ ਸੰਪਰਕ, ਵਿਸ਼ੇਸ਼ ਤੌਰ 'ਤੇ ਕੈਂਸਰ ਦੇ ਇਲਾਜ ਦੌਰਾਨ, ਥਾਇਰੋਇਡ ਗ੍ਰੰਥੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ। 5. ਦਵਾਈਆਂ: ਕੁਝ ਦਵਾਈਆਂ ਥਾਇਰੋਇਡ ਫੰਕਸ਼ਨ 'ਤੇ ਪ੍ਰਭਾਵ ਪਾ ਸਕਦੀਆਂ ਹਨ ਜਿਸ ਨਾਲ ਹਾਈਪੋਥਾਇਰੋਇਡਿਜ਼ਮ ਜਾਂ ਹਾਈਪਰਥਾਇਰੋਇਡਿਜ਼ਮ ਹੋ ਸਕਦਾ ਹੈ।

**ਥਾਇਰੋਇਡ ਬਿਮਾਰੀਆਂ ਦੀਆਂ ਕਿਸਮਾਂ**

ਥਾਇਰੋਇਡ ਦੀਆਂ ਬਿਮਾਰੀਆਂ ਨੂੰ ਕੁਝ ਮੁੱਖ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ:

1. *ਹਾਈਪੋਥਾਇਰੋਇਡਿਜ਼ਮ* : ਇੱਕ ਐਸੀ ਸਥਿਤੀ ਜਿਸ ਵਿੱਚ ਥਾਇਰੋਇਡ ਕਾਫੀ ਹਾਰਮੋਨ ਉਤਪਾਦ ਨਹੀਂ ਕਰਦੀ। ਲੱਛਣਾਂ ਵਿੱਚ ਥਕਾਵਟ, ਵਜ਼ਨ ਵੱਧਣਾ, ਠੰਡ ਨੂੰ ਸਹਿਣ ਕਰਨ ਦੀ ਸਮੱਸਿਆ, ਅਤੇ ਡਿੱਪ੍ਰੈਸ਼ਨ ਸ਼ਾਮਿਲ ਹੋ ਸਕਦੇ ਹਨ।

2. *ਹਾਈਪਰਥਾਇਰੋਇਡਿਜ਼ਮ* : ਇਹ ਉਸ ਵੇਲੇ ਹੁੰਦਾ ਹੈ ਜਦੋਂ ਥਾਇਰੋਇਡ ਬਹੁਤ ਜਿਆਦਾ ਹਾਰਮੋਨ ਉਤਪਾਦ ਕਰਦੀ ਹੈ। ਲੱਛਣਾਂ ਵਿੱਚ ਵਜ਼ਨ ਘਟਣਾ, ਤੇਜ਼ ਦਿਲ ਦੀ ਧੜਕਨ, ਵੱਧ ਭੁੱਖ, ਅਤੇ ਚਿੰਤਾ ਸ਼ਾਮਿਲ ਹੋ ਸਕਦੇ ਹਨ।

3. ਗਾਇਟਰ: ਇਹ ਥਾਇਰੋਇਡ ਗ੍ਰੰਥੀ ਦਾ ਵੱਡਾ ਹੋਣਾ ਹੈ ਜੋ ਕਿ ਹਾਈਪੋਥਾਇਰੋਇਡਿਜ਼ਮ ਅਤੇ ਹਾਈਪਰਥਾਇਰੋਇਡਿਜ਼ਮ ਦੋਂਹਾਂ ਵਿੱਚ ਹੋ ਸਕਦਾ ਹੈ।

4. ਥਾਇਰੋਇਡ ਨੌਡਲਸ: ਇਹ ਥਾਇਰੋਇਡ ਗ੍ਰੰਥੀ ਵਿੱਚ ਗੰਡਾ ਹੁੰਦੀਆਂ ਹਨ ਜੋ ਕਿ ਬੇਨੀਗਨ ਜਾਂ ਮਾਲਿਗਨੈਂਟ ਹੋ ਸਕਦੀਆਂ ਹਨ।

5. ਥਾਇਰੋਇਡ ਕੈਂਸਰ: ਹਾਲਾਂਕਿ ਇਹ ਰੈਸ਼ੀ ਆਲਮੀ ਹੈ ਪਰ ਇਹ ਵਿਕਸਤ ਹੋ ਸਕਦਾ ਹੈ ਅਤੇ ਇਸਦੀ ਸਰਜਰੀ ਦੀ ਲੋੜ ਹੋ ਸਕਦੀ ਹੈ।

**ਬਚਾਅ ਅਤੇ ਪਹਿਲਾਂ ਹੀ ਪਛਾਣ**

ਥਾਇਰੋਇਡ ਬਿਮਾਰੀਆਂ ਤੋਂ ਬਚਾਅ ਜਾਗਰੂਕਤਾ ਅਤੇ ਸਿੱਖਿਆ ਨਾਲ ਸ਼ੁਰੂ ਹੁੰਦਾ ਹੈ ।ਕੁਝ ਮੁੱਖ ਰਣਨੀਤੀਆਂ ਹਨ: ਯੋਗ ਆਈਓਡੀਨ ਖੁਰਾਕ: ਖੁਰਾਕ ਵਿੱਚ ਯੋਗ ਆਈਓਡੀਨ ਨੂੰ ਯਕੀਨੀ ਬਣਾਉਣਾ ਆਈਓਡੀਜ਼ ਕੀਤਾ ਨਮਕ ਜਾਂ ਆਈਓਡੀਨ-ਯੁਕਤ ਖੁਰਾਕਾਂ ਦੁਆਰਾ ਬਹੁਤ ਸਾਰੀਆਂ ਥਾਇਰੋਇਡ ਬਿਮਾਰੀਆਂ ਤੋਂ ਬਚਣ ਵਿੱਚ ਮਦਦ ਕਰ ਸਕਦਾ ਹੈ। ਨਿਯਮਿਤ ਜਾਂਚ: ਥਾਇਰੋਇਡ ਹਾਰਮੋਨ ਦੀਆਂ ਪੱਧਰੀਆਂ ਨੂੰ ਨਿਗਾਹ ਰੱਖਣ ਲਈ ਸਮੇਂ ਸਮੇਂ ਸਿਰ ਖ਼ੂਨ ਦੀ ਜਾਂਚ ਕਰਵਾਉਣਾ ਪਹਿਲਾਂ ਹੀ ਪਛਾਣ ਲਈ ਮਹੱਤਵਪੂਰਣ ਹੈ ਖਾਸ ਕਰਕੇ ਉਹਨਾਂ ਵਿਅਕਤੀਆਂ ਲਈ ਜਿਨ੍ਹਾਂ ਦਾ ਪਰਿਵਾਰਕ ਇਤਿਹਾਸ ਹੈ। ਸਿਹਤਮੰਦ ਜੀਵਨ ਸ਼ੈਲੀ ਚੁਣਾਵ: ਸੰਤੁਲਿਤ ਖੁਰਾਕ ਨੂੰ ਚੁਣਨਾ, ਰੋਜ਼ਾਨਾ ਸਰੀਰਕ ਸਰਗਰਮੀ ਵਿੱਚ ਸ਼ਾਮਿਲ ਹੋਣਾ ਅਤੇ ਤਣਾਵ ਨੂੰ ਪ੍ਰਬੰਧਿਤ ਕਰਨਾ ਕੁੱਲ ਮਿਲਾ ਕੇ ਥਾਇਰੋਇਡ ਸਿਹਤ ਵਿੱਚ ਯੋਗਦਾਨ ਪਾ ਸਕਦਾ ਹੈ।

**ਉਪਚਾਰ ਵਿਕਲਪ**-ਥਾਇਰੋਇਡ ਬਿਮਾਰੀਆਂ ਦਾ ਉਪਚਾਰ ਕਿਸਮ ਅਤੇ ਗੰਭੀਰਤਾ ਦੇ ਅਧਾਰ 'ਤੇ ਵੱਖ-ਵੱਖ ਹੁੰਦਾ ਹੈ:

ਹਾਈਪੋਥਾਇਰੋਇਡਿਜ਼ਮ ਦਾ ਇਲਾਜ ਆਮ ਤੌਰ 'ਤੇ ਸਿੰਥੇਟਿਕ ਹਾਰਮੋਨ ਬਦਲਾਅ ਉਪਚਾਰ (ਲੇਵੋਥਾਇਰੋਕਸਿਨ) ਨਾਲ ਕੀਤਾ ਜਾਂਦਾ ਹੈ ਤਾਂ ਜੋ ਹਾਰਮੋਨ ਪੱਧਰੀਆਂ ਨੂੰ ਸੁਧਾਰਿਆ ਜਾ ।ਹਾਈਪਰਥਾਇਰੋਇਡਿਜ਼ਮ ਲਈ ਐਂਟੀਥਾਇਰੋਇਡ ਦਵਾਈਆਂ, ਰੇਡੀਓਐਕਟਿਵ ਆਈਓਡੀਨ ਦਾ ਇਲਾਜ ਜਾਂ ਗੰਭੀਰ ਮਾਮਲਿਆਂ ਵਿੱਚ ਸਰਜਰੀ ਦੀ ਲੋੜ ਪੈ ਸਕਦੀ ਹੈ। ਥਾਇਰੋਇਡ ਨੌਡਲਸ ਜਾਂ ਕੈਂਸਰ ਤੇ ਨਿਗਾਹ ਰੱਖਣ ਜਾਂ ਉਸਦੀ ਪ੍ਰਕਾਰ ਅਤੇ ਲੱਛਣਾਂ ਦੇ ਅਧਾਰ 'ਤੇ ਸਰਜਰੀ ਦੀ ਲੋੜ ਪੈ ਸਕਦੀ ਹੈ। ਜਦੋਂ ਅਸੀਂ ਵਿਸ਼ਵ ਥਾਇਰੋਇਡ ਦਿਵਸ ਮਨਾਉਂਦੇ ਹਾਂ ਇਹ ਮਹੱਤਵਪੂਰਣ ਹੈ ਕਿ ਅਸੀਂ ਥਾਇਰੋਇਡ ਸਿਹਤ ਦੀ ਮਹੱਤਤਾ ਅਤੇ ਬਿਮਾਰੀਆਂ ਦੇ ਪ੍ਰਭਾਵ ਨੂੰ ਸਵੀਕਾਰ ਕਰੀਏ ਜੋ ਦੁਨੀਆ ਭਰ ਵਿੱਚ ਕਰੋੜਾਂ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਜਾਗਰੂਕਤਾ ਵਧਾਉਣ, ਰੋਕਥਾਮ ਦੇ ਉਪਾਅ ਨੂੰ ਹੱਲਾਸ਼ੇਰੀ ਦਈਏ ਅਤੇ ਪ੍ਰਭਾਵਸ਼ਾਲੀ ਇਲਾਜ ਤੱਕ ਪਹੁੰਚ ਯਕੀਨੀ ਬਣਾਉਣ ਨਾਲ ਅਸੀਂ ਥਾਇਰੋਇਡ ਬਿਮਾਰੀਆਂ ਨਾਲ ਪੀੜਤ ਲੋਕਾਂ ਲਈ ਨਤੀਜੇ ਸੁਧਾਰ ਸਕਦੇ ਹਾਂ। ਆਓ, ਇਸ ਮੌਕੇ ਨੂੰ ਆਪਣੇ ਆਪ ਨੂੰ ਅਤੇ ਹੋਰਾਂ ਨੂੰ ਥਾਇਰੋਇਡ ਗ੍ਰੰਥੀ ਦੀ ਮਹੱਤਤਾ ਬਾਰੇ ਸਿੱਖਣ ਦਾ ਮੌਕਾ ਦੇਈਏ ਅਤੇ ਸਭ ਦੇ ਲਈ ਨਰੋਈ ਸਿਹਤ ਲਈ ਆਸ ਤੇ ਅਰਦਾਸ ਕਰੀਏ। **-ਡਾ.ਸੁਰਿੰਦਰਪਾਲ ਸਿੰਘ , ਵਿਗਿਆਨ ਅਧਿਆਪਕ ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

ਬਾਬਾ ਹਰਨਾਮ ਸਿੰਘ ਖ਼ਾਲਸਾ ਵਲੋਂ

# ਜਥੇਦਾਰ ਬਾਬਾ ਕੁਲਵੰਤ ਸਿੰਘ ਦਾ 'ਸੇਵਾ ਰਤਨ' ਨਾਲ ਸਨਮਾਨ





ਚੌਕ ਮਹਿਤਾ, 2,8ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)–ਦਮਦਮੀ ਟਕਸਾਲ ਦੇ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖ਼ਾਲਸਾ ਵਲੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਨੂੰ 'ਸੇਵਾ

ਆਵਾਜ਼ਿ ਕੌਮ AWAZE QAUM International Newspaper & WEB TV

ਰਤਨ' ਨਾਲ ਸਨਮਾਨਿਤ ਕੀਤਾ ਗਿਆ। ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਕਰਵਾਏ ਗਏ ਸੰਖੇਪ ਸਮਾਗਮ ਦੌਰਾਨ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਦੱਸਿਆ ਕਿ ਦਮਦਮੀ ਟਕਸਾਲ ਦੇ ਹੈੱਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਜੂਨ 1984 ਦੇ ਤੀਜੇ ਘੱਲੂਘਾਰੇ ਦੀ 41ਵੀਂ ਵਰ੍ਹੇਗੰਢ ਮੌਕੇ ਸਮੂਹ ਖ਼ਾਲਸਾ ਪੰਥ ਵਲੋਂ ਪੰਥਕ ਇੱਕਠ 'ਚ ਸੰਤ ਬਾਬਾ ਕੁਲਵੰਤ ਸਿੰਘ ਜਥੇਦਾਰ ਤਖਤ ਸੱਚਖੰਡ ਸ੍ਰੀ ਹਜੂਰ ਸਾਹਿਬ ਨਾਂਦੇੜ ਨੂੰ 'ਸੇਵਾ ਰਤਨ' ਸਨਮਾਨ ਨਾਲ ਸਨਮਾਨਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ ਪਰ ਤਖ਼ਤ ਸਾਹਿਬ ਵਿਖੇ ਆਪਣੀਆਂ ਮਹਾਨ ਸੇਵਾਵਾਂ ਦੀ ਜਿੰਮੇਵਾਰੀ ਨਿਭਾਉਣ ਕਾਰਨ ਜਥੇਦਾਰ ਬਾਬਾ ਕੁਲਵੰਤ ਸਿੰਘ ਉਕਤ ਸਮਾਗਮ 'ਚ ਸ਼ਾਮਿਲ ਨਹੀਂ ਹੋ ਸਕੇ ਸਨ, ਜਿਸ ਲਈ ਅੱਜ ਇਹ 'ਸੇਵਾ ਰਤਨ' ਸਨਮਾਨ ਉਨ੍ਹਾਂ ਨੂੰ ਦਿੱਤਾ ਗਿਆ ਹੈ। ਦਮਦਮੀ ਟਕਸਾਲ ਦੇ ਮੁੱਖੀ ਨੇ ਕਿਹਾ ਕਿ ਜਥੇਦਾਰ ਬਾਬਾ ਕੁਲਵੰਤ ਸਿੰਘ ਦਾ ਤਖ਼ਤ ਸਾਹਿਬ ਵਿਖੇ ਲਗਾਤਾਰ 25 ਸਾਲ ਦੀ ਸੇਵਾ ਦੇ ਕਾਰਜਕਾਲ ਦਾ ਸਮਾਂ ਬੜਾ ਕਠਨ ਅਤੇ ਘਾਲਣਾ ਭਰਪੂਰ ਰਿਹਾ ਹੈ। ਉਨ੍ਹਾਂ ਦਾ ਇਹ ਤਪੱਸਵੀ ਜੀਵਨ ਸਿੱਖ ਪੰਥ ਵਾਸਤੇ ਇਕ ਪ੍ਰੇਰਨਾ ਸਰੋਤ ਹੈ, ਜਿਸ 'ਚ ਉਨ੍ਹਾਂ ਨੇ ਘੱਟ ਖਾਣਾ, ਘੱਟ ਸੌਣਾ, ਘੱਟ ਬੋਲਣਾ, ਨਿਮਰਤਾ, ਸਾਦਗੀ, ਅੰਤਰ ਆਤਮੇਂ ਬੰਦਗੀ ਅਤੇ ਗੁਰ ਸੇਵਾ ਨੂੰ ਹੀ ਆਪਣਾ ਪਰਮ ਫਰਜ ਸਮਝਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਜਿਹੀਆਂ ਗੁਰਮੁਖਿ ਆਤਮਾਵਾਂ ਵਿਰਲੀਆਂ ਹੀ ਸਿੱਖ ਪੰਥ ਅੰਦਰ ਦ੍ਰਿਸ਼ਟੀ ਗੋਚਰ ਹਨ, ਜਿਨ੍ਹਾਂ ਪਾਸੋਂ ਲੱਖਾਂ ਪ੍ਰਾਣੀਆਂ ਨੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰਸਿੱਖੀ ਦੀ ਮੁੱਖ ਧਾਰਾ 'ਚ ਪ੍ਰਵੇਸ਼ ਕੀਤਾ। ਇਸ ਮੌਕੇ ਅਵਤਾਰ ਸਿੰਘ ਬੁੱਟਰ, ਹਰਸ਼ਦੀਪ ਸਿੰਘ ਰੰਧਾਵਾ ਆਦਿ ਹਾਜ਼ਰ ਸਨ।

ਕਾਂਗਰਸੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੇ ਬਿਆਨ ਨੂੰ ਇਵੇਂ ਨਾ ਵੇਖਿਆ ਜਾਵੇ

# ਇਹ ਬਿਲਕੁਲ ਸੱਚ ਹੈ ਸਰਕਾਰਾਂ ਅਜਿਹਾ ਕਰਦੀਆਂ ਹਨ, ਜਾਂਚ ਹੋਣੀ ਚਾਹੀਦੀ ਹੈ : ਭਾਈ ਵਿਰਸਾ ਸਿੰਘ ਖਾਲਸਾ

**ਜੰਡਿਆਲਾ ਗੁਰੂ, 30 ਜਨਵਰੀ (ਕੁਲਵੰਤ ਸਿੰਘ ਵਿਰਦੀ)**-ਪੰਜਾਬ ਦੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਨੇ ਇੱਕ ਅਨੋਖੇ ਤੇ ਗੁੰਝਲਦਾਰ ਬਿਆਨ 'ਚ ਸਪੱਸ਼ਟ ਕੀਤਾ! ਕਿ ਰਾਜ ਦੇ ਆਖਰੀ ਸਮੇਂ ਕੁਝ ਅਫਸਰ ਮੈਨੂੰ ਕਹਿਣ ਲੱਗੇ,ਸਰਕਾਰ ਦੁਬਾਰਾ ਫਿਰ ਬਣਾਈ ਜਾ ਸਕਦੀ ਹੈ ? ਭੱਠਲ ਸਾਹਿਬ ਅਨੁਸਾਰ ਮੈਂ ਕਿਹਾ ਉਹ ਕਿਸ ਤਰ੍ਹਾਂ, ਉਹਨਾਂ ਅਫਸਰਾਂ ਨੇ ਕਿਹਾ ਇਸ ਪਲੇਨ ਨੀਤੀ ਨੂੰ ਕਾਮਯਾਬ ਕਰਨ ਅਤੇ ਰੱਬੀ ਖ਼ਲਕਤ ਰਾਜ ਦੇ ਲੋਕਾਂ ਨੂੰ ਬੁੱਧੂ ਬਣਾਉਣ ਲਈ ਬੰਬ ਧਮਾਕੇ ਕਰਨੇ ਪੈਣਗੇ, ਬੀਬੀ ਭੱਠਲ ਜੀ ਨੇ ਆਪਣੇ ਬਿਆਨ ਵਿੱਚ ਕਿਹਾ,ਮੈਂ ਅਜਿਹਾ ਕਰਨ ਤੋਂ ਕੋਰਾ ਇਨਕਾਰ ਕਰ ਦਿੱਤਾ,ਇਸ ਕਰਕੇ ਸਾਡੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਇਸ ਗੁੰਝਲਦਾਰ ਬਿਆਨ ਤੇ ਖੁੱਲ੍ਹੇਆਮ ਚਾਇਲਜ ਕਰਦੀ ਹੈ ਅਗਰ ਬੀਬੀ ਭੱਠਲ ਜੀ ਦਾ ਇਹ ਬਿਆਨ ਬਿਲਕੁਲ ਠੀਕ ਅਤੇ ਸੱਚ ਦੇ ਨਾਲ ਨਾਲ ਹੋਰ ਸਰਕਾਰਾਂ ਤੇ ਉਂਗਲੀਆਂ ਚੁੱਕ ਰਿਹਾ ਹੈ ਅਤੇ ਸਪੱਸ਼ਟ ਫਿਰ ਹੈ ਕਿ !ਸਰਕਾਰਾਂ ਅਜਿਹਾ ਕਰਦੀਆਂ ਆਈਆਂ ਹਨ ਅਤੇ ਕਰਦੀਆਂ ਵੀ ਰਹਿਣਗੀਆਂ,ਇਸ ਕਰਕੇ ਬੀਬੀ ਭੱਠਲ ਜੀ ਨੂੰ ਅਜਿਹੇ ਅਫਸਰਾਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਨੰਗਾ ਕਰਨਾ ਚਾਹੀਦਾ ਹੈ ਅਤੇ ਰਾਜ ਦੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਉਹ ਸੈਂਟਰ ਨਾਲ ਸਬੰਧਤ ਜਾਂ ਫਿਰ ਪੰਜਾਬ ਰਾਜ ਦੇ ਅਫਸਰ ਸਨ, ਅਜਿਹਾ ਕਰਨ ਨਾਲ ਰਾਜ ਵਿੱਚੋ ਭੋਲੇ ਭਾਲੇ ਰੱਬ ਰੂਪੀ ਲੋਕਾਂ ਨੂੰ ਬੁੱਧੂ ਬਣਾਉਣ ,ਦਾਹਿਸਤ ਫੈਲਾਉਣ ਜਾਨੀ ਤੇ ਮਾਲੀ ਨੁਕਸਾਨ ਕਰਨ ਦੀਆਂ ਸਾਲਾਹਾ,ਨੀਤੀਆਂ ਘੜਨ ਵਾਲਿਆਂ ਅਧਰਮੀ ਅਫਸਰਾਂ ਦੀ ਪਹਿਚਾਣ ਕੀਤੀ ਜਾਂ ਸਕੇ, ਤਾਂ ਹੀ ਅਜਿਹੀਆਂ ਨੀਤੀਆਂ ਘੜ੍ਹਨ ਵਾਲਿਆਂ ਨੂੰ ਲਗਾਮ ਪਾਈਂ ਜਾ ਸਕਦੀ ਹੈ,ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਜੀ ਦੇ ਗੁੰਝਲਦਾਰ ਦਿੱਤੇ ਬਿਆਨ ਦੀ ਉੱਚ ਪੱਧਰ ਦੀ ਜਾਂਚ ਕਰਵਾਉਣ ਦੀ ਮੰਗ ਕਰਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਭਾਈ ਖਾਲਸਾ ਨੇ ਸਪੱਸ਼ਟ ਕੀਤਾ ਵੈਸੇ ਤਾਂ ਗੁਰੂ ਸਾਹਿਬ ਜੀ ਨੇ ਆਸਾਂ ਦੀ ਵਾਰ ਵਿਚ ਫੁਰਮਾਨ ਕੀਤਾ ਹੈ ਕੂੜ ਰਾਜਾ ਕੂੜ ਪ੍ਰਜਾ ਕੂੜ ਸਭ ਸੰਸਾਰ ਦੱਸਿਆ ਹੋਇਆ ਹੈ ਅਤੇ ਇਸੇ ਕਰਕੇ ਸਿਖਾਂ ਨੂੰ ਸੱਚ ਦੀ ਰਾਜਨੀਤੀ ਕਰਨ ਲਈ ਪੀਰੀ ਪੀਰੀ ਸਿਧਾਂਤ ਤੇ ਚੱਲਣ ਲਈ ਪਵਿੱਤਰ ਅਕਾਲਤਖਤ ਸਾਹਿਬ ਜੀ ਨੂੰ ਹੋਂਦ 'ਚ ਲਿਆਂਦਾ ਸੀ, ਪਰ ਅੱਜ ਬਾਦਲ ਕੇ ਅਕਾਲ ਤਖ਼ਤ ਸਾਹਿਬ ਤੇ ਝੂਠ ਬੋਲ ਕੇ ਪੰਥ ਦੇ ਅਖੌਤੀ ਠੇਕੇਦਾਰ ਬਣੀਂ ਬੈਠੇ ਹਨ,ਲੋਕਾਂ ਨੂੰ ਬੁਧੋ ਬਣਾਉਣ 'ਚ ਲੱਗੇ ਹੋਏ ਹਨ, ਭਾਈ ਖਾਲਸਾ ਨੇ ਕਿਹਾ ਬੀਬੀ ਭੱਠਲ ਜੀ ਨੂੰ ਇਸ ਸਬੰਧੀ ਜਾਗਰੂਕ ਹੋਣਾ ਬਾਕੀ ਹੈ ਕਿ ਸਭ ਤੋਂ ਪਹਿਲਾਂ ਕਾਂਗਰਸ ਨੇ ਹੀ ਭਿੰਡਰਾਂਵਾਲਿਆਂ ਦੀ ਧਰਮੀ ਲਹਿਰ ਨੂੰ ਬਦਨਾਮ ਕਰਨ ਲਈ ਪੁਲਿਸ ਕੈਟਾਂ ਦੀ ਭਰਤੀ ਕੀਤੀ ਜੋ ਵਰਦੀਆਂ ਤੇ ਡਰੈਸਾ ਰਾਹੀਂ ਕਈ ਵਾਰਦਾਤਾਂ ਨੂੰ ਅੰਜ਼ਾਮ ਦਿੰਦੇ ਸਨ ਤਾਂ ਕਿ ਖਾੜਕੂ ਸਿੰਘਾਂ ਨੂੰ ਬਦਨਾਮ ਕੀਤਾ ਜਾਵੇ ਅਤੇ ਰਾਜ ਦੇ ਲੋਕਾਂ ਨੂੰ ਦਾਹਿਸਤਰਾਹੀ ਬੁੱਧੂ ਬਣਾਇਆ ਜਾ ਸਕੇ ਅਤੇ ਰਾਜ ਭਾਗ ਪਰਾਪਾਤ ਕੀਤਾ ਜਾ ਸਕੇ ,ਭਾਈ ਖਾਲਸਾ ਨੇ ਕਿਹਾ ਉਸ ਤੋਂ ਬਾਅਦ ਪੁਲਿਸ ਦੇ ਇਕ ਉੱਚ ਅਫਸਰ ਆਲਮ ਫ਼ੌਜ ਤਿਆਰ ਕੀਤੀ ਗਈ,ਜੋ ਲੱਗਭਗ ਪੁਲਿਸ ਦੀ ਸਰਪ੍ਰਸਤੀ ਹੇਠ ਹੀ ਚਲਦੀ ਸੀ ,ਕਿਉਂਕਿ ਰਾਜ ਦੀ ਪੁਲਿਸ ਅਫਸਰ ਇਹੋ ਜਿਹੇ ਢੇਡੇ ਮੇਡੇ ਉਲਟੇ ਸਿੱਧੇ ਕੰਮ ਕਰਨ ਲਈ ਮੁੱਖ ਮੰਤਰੀ ਤੇ ਹੋਰ ਰਾਜਨੀਤਕ ਨੇਤਾਵਾਂ ਆਦਿ ਨੂੰ ਸਲਾਹਾਂ ਦੇਂਦੇ ਰਹਿੰਦੇ ਹਨ, ਪਰ ਰਾਜੇ ਜਾ ਸਰਕਾਰ ਨੇ ਵੇਖਣ ਹੁੰਦਾ ਹੈ ਰਾਜਨੀਤਕ ਲਾਹਾ ਪਰ !ਧਰਮੀ ਰਾਜਾ ਹੋਏਗਾ, ਉਹ ਤਾਂ ਰਾਜ਼ ਦੇ ਪੁਲਿਸ ਅਫਸਰਾਂ ਦੀ ਅਜਿਹੀ ਸਲਾਹ ਨਹੀਂ ਲਵੇਗਾ ਅਤੇ ਨਾ ਹੀ ਅਜਿਹੇ ਕੰਮ ਕਰਨ ਦਾ ਮੌਕਾ ਨਹੀਂ ਦੇਵੇਗਾ ਜੋ ਅਧਰਮੀ ਹੋਵੇ,ਉਹ ਅਜਿਹਾ ਕਰਨ ਦੀ ਆਗਿਆ ਨਹੀਂ ਦੇਵੇਗਾ ? ਭਾਈ ਖਾਲਸਾ ਨੇ ਕਿਹਾ ਜਿਵੇਂ ਬੀਬੀ ਭੱਠਲ ਜੀ ਸਾਬਕਾ ਮੁੱਖ ਮੰਤਰੀ ਪੰਜਾਬ ਆਪ ਦੱਸ ਰਹੇ ਹਨ ਕਿ ਮੇਰੇ ਰਾਜ ਦੇ ਆਖਰੀ ਸਮੇਂ ਕੁਝ ਕੂ ਉੱਚ ਅਫਸਰਾਂ ਨੇ ਉਨ੍ਹਾਂ ਨੂੰ ਕਿਹਾ ਤੇ ਸਲਾਹ ਦਿੱਤੀ ਕਿ ਰਾਜ ਵਿੱਚ ਦਾਹਿਸਤ ਫੈਲਾਉਣ ਲਈ ਵੱਡੇ ਵੱਡੇ ਧਮਾਕੇ ਕਰਨੇ ਪੈਣਗੇ ਅਤੇ ਲੋਕਾਂ ਵਿਚ ਦਾਹਿਸਤ ਪੈਦਾ ਕਰਕੇ ਇੱਕ ਵਾਰ ਰਾਜ ਫਿਰ ਪ੍ਰਾਪਤ ਕੀਤਾ ਜਾ ਸਕਦਾ ਹੈ ? ਭਾਈ ਖਾਲਸਾ ਨੇ ਦੱਸਿਆ ਬੀਬੀ ਭੱਠਲ ਜੀ ਸਾਬਕਾ ਮੁੱਖ ਮੰਤਰੀ ਅਨੁਸਾਰ ਮੈਂ ਉਨ੍ਹਾਂ ਉੱਚ ਅਫਸਰਾਂ ਨੂੰ ਝਾੜ ਪਾਈ ਤੇ ਕਿਹਾ ਕਿ ਮੈਂ ਰਾਜ ਦੇ ਲੋਕਾਂ 'ਚ ਦਾਇਸਤਪੈਦਾ ਕਰ ! ਬੇਦੋਸ਼ਿਆਂ ਨੂੰ ਸਜ਼ਾ ਦੇ ਕੇ ਰਾਜ ਨਹੀਂ ਕਰਨਾ ਚਾਹੁੰਦੀ, ਭਾਈ ਖਾਲਸਾ ਨੇ ਕਿਹਾ ਅਗਰ ਬੀਬੀ ਭੱਠਲ ਜੀ ਦਾ ਜੁਮੇਵਾਰਾਨਾਂ ਬਿਆਨ ਬਿਲਕੁਲ ਸੱਚ ਹੈ ਤਾਂ ਬੀਬੀ ਭੱਠਲ ਕਾਂਗਰਸੀ ਮੁੱਖ ਮੰਤਰੀ ਹੋਣ ਦੇ ਬਾਵਜੂਦ ਅਕਾਲਤਖਤ ਸਾਹਿਬ ਤੋਂ ਸਨਮਾਨ ਲੈਣ ਦੇ ਹੱਕਦਾਰ ਹਨ,ਪਰ ! ਉਦੋਂ ,ਜਦੋਂ ਉਹ (ਬੀਬੀ ਭੱਠਲ ਜੀ)ਉਨ੍ਹਾਂ ਇਨਸਾਨੀਅਤ ਦੇ ਦੂਖੀਆ ਤੇ ਰੱਬੀ ਰੂਪੀ ਰਾਜ ਦੇ ਲੋਕਾਂ ਨੂੰ ਬੁੱਧੋ ਬਣਾਉਣ ਦੀ ਰਾਜਨੀਤਕ ਨੇਤਾਵਾਂ ਨੂੰ ਸਲਾਹ ਦੇਣ ਵਾਲੇ ਉੱਚ ਅਫਸਰਾਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਨਾ ਦੱਸ ਕੇ ਵਿਖਾਏ, ਭਾਈ ਖਾਲਸਾ ਨੇ ਕਿਹਾ ਬੀਬੀ ਭੱਠਲ ਵੱਲੋਂ ਚੁਕਿਆ ਇਹ ਭਿਆਨਕ ਮੁੱਦਾ ਹੈ ਅਤੇ ਸਿਆਸਤ ਦਾਨਾ ਦੀ ਸਿਆਸੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ,ਇਸੇ ਹੀ ਕਰਕੇ ਸਾਬਕਾ ਜਥੇਦਾਰ ਤੇ ਪੁਨਰਸੁਰਜੀਤ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਮੰਗ ਰੱਖ ਦਿੱਤੀ ਹੈ ਕਿ ਸਾਬਕਾ ਮੁੱਖ ਮੰਤਰੀ ਬੀਬੀ ਭੱਠਲ ਵੱਲੋਂ ਦਿੱਤੇ ਬਿਆਨ ਦੀ ਜਾਂਚ ਹੋਣੀ ਚਾਹੀਦੀ, ਭਾਈ ਖਾਲਸਾ ਨੇ ਕਿਹਾ ਇਹ ਬਿਲਕੁਲ ਸਹੀ ਗੱਲ ਹੈ, ਕਿਉਂਕਿ ਰਾਜੇ ਅਤੇ ਸਰਕਾਰਾਂ ਤਾਂ ਆਪਣੀਂ ਪ੍ਰਜਾ ਦੀ ਜਾਨਮਾਲ ਦੀ ਰਾਖੀ ਕਰਨ ਲਈ ਸੰਵਿਧਾਨਿਕ ਕਸਮ ਖਾਂਦੇ ਹਨ,ਪਰ ਜੇ ਸਰਕਾਰਾਂ ਹੀ ਰਾਜ ਦੀ ਪਰਜਾ'ਚ ਦਾਹਿਸਤ ਪੈਦਾ ਕਰਨ,ਲੋਕਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਕਰਨ ਤੇ ਪੁੱਜ ਜਾਏ ਤਾਂ ਗੱਲ ਪਰਮਾਤਮਾ ਤੇ ਪਰਜਾ ਦੀ ਰਹਿ ਜਾਂਦੀ ਹੈ , ਭਾਈ ਖਾਲਸਾ ਨੇ ਇਸ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਮੰਗ ਕਰਦੀ ਹੈ ਕਿ ਪੁਨਰਸੁਰਜੀਤ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਦੀ ਮੰਗ ਅਨੁਸਾਰ ਬੀਬੀ ਰਜਿੰਦਰ ਕੌਰ ਭੱਠਲ ਵੱਲੋਂ ਦਿੱਤੇ ਵਿਵਾਦਿਤ ਬਿਆਨ ਦੀ ਉਚ ਪੱਧਰੀ ਜਾਂਚ ਕਰਵਾਈ ਜਾਵੇ ਤਾਂ ਕਿ ਰਾਜ ਦੇ ਲੋਕਾਂ ਨੂੰ ਪੂਰਾ ਪਤਾ ਲੱਗ ਸਕੇ।



ਆਵਾਜ਼ਿ ਕੌਮ AWAZE QAUM International Newspaper & WEB TV

# ਚੇਅਰਮੈਨ ਘੁੱਲੀ ਨੇ ਹੈਮਰ ਥਰੋਅ ਅਤੇ ਡਿਸਕਸ ਥਰੋਅ ਚ ਸਿਲਵਰ ਮੈਡਲ ਜਿੱਤਿਆ







**ਧੂਰੀ ( ਰਣਜੀਤ ਸਿੰਘ ਪੇਧਨੀ )**-ਮਾਸਟਰ ਐਥਲੈਟਿਕ ਫੈਡਰੇਸ਼ਨ ਆਫ ਇੰਡੀਆ ( ਮਾਫ਼ੀ ) ਵੱਲੋਂ 46 ਵੀਆਂ ਨੈਸ਼ਨਲ ਖੇਡਾਂ ਦਾ ਕੇਰਲਾ ਦੇ ਤ੍ਰਿਵੇਦਰੰਮ ਵਿਖੇ ਆਯੋਜਨ ਕੀਤਾ ਗਿਆ। ਜਿਸ ਵਿੱਚ ਮੁੱਖ ਮੰਤਰੀ ਦਫ਼ਤਰ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਭਾਗ ਲਿਆ। ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਹੈਮਰ ਥਰੋਅ ਅਤੇ ਡਿਸਕਸ ਥਰੋਅ ਵਿੱਚ ਸਿਲਵਰ ਮੈਡਲ ਜਿੱਤ ਕੇ ਧੂਰੀ ਹਲਕੇ ਦਾ ਨਾਮ ਰੌਸ਼ਨ ਕੀਤਾ । ਇਸ ਮੌਕੇ ਚੇਅਰਮੈਨ ਘੁੱਲੀ ਨੇ ਕਿਹਾ ਆਪਣੇ ਸ਼ਰੀਰਕ ਫਿਟਨਿਸ ਵਾਸਤੇ ਗੇਮਾਂ ਬਹੁਤ ਜਰੂਰੀ ਹਨ, ਇਨਸਾਨ ਨੂੰ ਬਿਮਾਰੀਆਂ ਤੋਂ ਬਚਣ ਲਈ ਕਸਰਤ ਕਰਨੀ, ਯੋਗਾਂ ਕਰਨਾ ਚਾਹੀਦਾ ਹੈ। ਇਸ ਮੌਕੇ ਏਸ਼ੀਅਨ ਚੈਂਪੀਅਨ ਸੁਰਜੀਤ ਸਿੰਘ ਜਲੰਧਰ ਅਤੇ ਰਜਿੰਦਰ ਸਿੰਘ ਸਿੱਧਵਾਂ ਵੈਟ ਵੀ ਹਾਜ਼ਰ ਸਨ ।

ਆਵਾਜ਼ਿ ਕੌਮ AWAZE QAUM International Newspaper & WEB TV

# ਭਾਰਤੀ ਕਾਰੋਬਾਰੀਆਂ ਦੀਆਂ ਕੇਂਦਰੀ ਬਜਟ ਤੋਂ ਉਮੀਦਾਂ: ਪੰਮਾ



ਨਵੀਂ ਦਿੱਲੀ 30 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਸਦਰ ਬਾਜ਼ਾਰ ਬਾਰੀ ਮਾਰਕੀਟ ਵਪਾਰੀ ਐਸੋਸੀਏਸ਼ਨ ਦੇ ਪ੍ਰਧਾਨ ਸਰਦਾਰ ਪਰਮਜੀਤ ਸਿੰਘ ਪੰਮਾ ਨੇ ਮੀਡੀਆ ਨੂੰ ਜਾਰੀ ਕੀਤੇ ਬਿਆਨ ਰਾਹੀਂ ਕਿਹਾ ਦੇਸ਼ ਦੇ ਵਪਾਰਕ ਭਾਈਚਾਰੇ—ਜਿਵੇਂ ਕਿ ਛੋਟੇ ਦੁਕਾਨਦਾਰ, ਥੋਕ ਵਿਕਰੇਤਾ, ਵਿਤਰਕ, ਆਯਾਤਕਾਰ, ਨਿਰਯਾਤਕ, ਅਤੇ ਐਮਐਸਐਮਈ ਨੂੰ ਆਉਣ ਵਾਲੇ ਕੇਂਦਰੀ ਬਜਟ ਵਿੱਚ ਸਰਕਾਰ ਤੋਂ ਕੁਝ ਮਹੱਤਵਪੂਰਨ ਉਮੀਦਾਂ ਹਨ। ਇਹ ਕਦਮ ਕਾਰੋਬਾਰ ਨੂੰ ਸੁਵਿਧਾਜਨਕ ਬਣਾਉਣ, ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਰੁਜ਼ਗਾਰ ਵਧਾਉਣ ਵਿੱਚ ਮਦਦ ਕਰਨਗੇ। ਜੀਐਸਟੀ ਦਾ ਸਰਲੀਕਰਨ, ਕਾਗਜ਼ੀ ਕਾਰਵਾਈ ਅਤੇ ਨਿਯਮਾਂ ਵਿੱਚ ਕਮੀ, ਕਿਫਾਇਤੀ ਅਤੇ ਆਸਾਨ ਵਪਾਰਕ ਕਰਜ਼ੇ, ਆਮਦਨ ਟੈਕਸ ਰਾਹਤ, ਛੋਟੇ ਕਾਰੋਬਾਰਾਂ ਅਤੇ ਐਮਐਸਐਮਈ ਲਈ ਸਹਾਇਤਾ, ਅਤੇ ਨੀਤੀ ਸਥਿਰਤਾ ਲਈ ਕਾਗਜ਼ੀ ਕਾਰਵਾਈ ਘੱਟ ਕੀਤੀ ਜਾਏ ਅਤੇ ਟੈਕਸ ਨਿਯਮਾਂ ਨੂੰ ਵਾਰ-ਵਾਰ ਨਹੀਂ ਬਦਲਿਆ ਜਾਣਾ ਚਾਹੀਦਾ ਹੈ ਨਾਲ ਹੀ ਆਯਾਤ-ਨਿਰਯਾਤ ਨੂੰ ਉਤਸ਼ਾਹਿਤ ਕਰਨਾ, ਬੁਨਿਆਦੀ ਢਾਂਚਾ ਅਤੇ ਡਿਜੀਟਲ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਖਰਚਿਆਂ ਨੂੰ ਘਟਾਉਣ ਨਾਲ ਮੁਨਾਫ਼ਾ ਵਧੇਗਾ ਜੋ ਕਿ ਦੇਸ ਅਤੇ ਵਪਾਰੀਆਂ ਲਈ ਰਾਹਤ ਦੀ ਗੱਲ ਹੋਵੇਗੀ ।

ਆਵਾਜ਼ਿ ਕੌਮ AWAZE QAUM International Newspaper & WEB TV

# ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ ਤੇ ਫੇਲ ਹੋ ਚੁੱਕੀ ਹੈ-ਮੌੜ



ਬਰਨਾਲਾ (ਰਣਜੀਤ ਸਿੰਘ ਪੇਧਨੀ ) ਸਾਬਕਾ ਚੇਅਰਮੈਨ ਨਗਰ ਸੁਧਾਰ ਟਰੱਸਟ ਸ੍ਰੀ ਮੱਖਣ ਸ਼ਰਮਾ ਬਲਾਕ ਪ੍ਰਧਾਨ ਸ਼ਹਿਰੀ ਸ੍ਰੀ ਮਹੇਸ਼ ਕੁਮਾਰ, ਗੁਰਪ੍ਰੀਤ ਸਿੰਘ ਲੱਕੀ ,ਸਰਜੀਤ ਸ਼ਰਮਾ, ਹਾਕਮ ਸਿੰਘ, ਜਿਲਾ ਜਨਰਲ ਸੈਕਟਰੀ ਕੁਲਦੀਪ ਸਿੰਘ, ਜਸਨਦੀਪ ਸਿੰਘ ਵੱਲੋਂ ਜ਼ਿਲਾ ਬਰਨਾਲਾ ਵਿਖੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੀ ਬਰਸੀ ਤੇ ਸ਼ਰਧਾਂਜਲੀ ਭੇਟ ਕੀਤੀ ਗਈ । ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ ਕਾਂਗਰਸ ਪਾਰਟੀ ਦੀ ਟਿਕਟ ਦੇ ਪ੍ਰਮੁੱਖ ਦਾਅਵੇਦਾਰ ਗੁਰਮੇਲ ਸਿੰਘ ਮੌੜ ਨੇ ਕਿਹਾ ਕਿ ਪੰਜਾਬ 'ਚ ਅਮਨ ਕਾਨੂੰਨ ਵਿਵਸਥਾ ਬਰੀ ਤਰ੍ਹਾਂ ਡਗਮਗਾ ਚੁੱਕੀ ਹੈ ਅਤੇ ਰਾਜ 'ਚ ਸ਼ਰੇਆਮ ਕਤਲਾਂ ਦੀਆਂ ਵਾਰਦਾਤਾਂ ਲਗਾਤਾਰ ਵੱਧ ਰਹੀਆ ਹਨ। ਉਨ੍ਹਾਂ ਆਖਿਆ ਕਿ ਆਮ ਲੋਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਅਤੇ ਸਰਕਾਰ ਦੀ ਨਾਕਾਮੀ ਹਰ ਪਾਸੇ ਸਾਫ਼ ਦਿਖਾਈ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਦਿਨ ਦਿਹਾੜੇ ਕਤਲ ਹੋ ਰਹੇ ਹਨ, ਪਰ ਪੁਲਸ ਪ੍ਰਸ਼ਾਸਨ ਨਾਕਾਮ ਸਾਬਤ ਹੋ ਰਿਹਾ ਹੈ।

### ਤੰਤੀ ਸਾਜ਼ ਰਬਾਬ ਦੀ ਮੁੜ ਸੁਰਜੀਤੀ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ

# ਅੰਤਰ-ਰਾਸ਼ਟਰੀ ਰਬਾਬ ਉਤਸਵ ਆਯੋਜਿਤ



**ਤਲਵੰਡੀ ਸਾਬੋ, 30 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਆਲੋਪ ਹੋ ਰਹੇ ਤੰਤੀ ਸਾਜ਼ ਰਬਾਬ ਵਾਦਨ ਦੀ ਮੁੜ ਸੁਰਜੀਤੀ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਵਿਜ਼ੂਅਲ ਐਂਡ ਪਰਫਾਰਮਿੰਗ ਆਰਟਸ ਵੱਲੋਂ ਗੁਰੂ ਨਾਨਕ ਚੇਅਰ ਅਤੇ ਭਾਈ ਮਰਦਾਨਾ ਚੇਅਰ ਦੇ ਸਹਿਯੋਗ ਨਾਲ ਅੰਤਰ-ਰਾਸ਼ਟਰੀ ਰਬਾਬ ਉਤਸਵ ਆਯੋਜਿਤ ਕੀਤਾ ਗਿਆ। ਇਸ ਮੌਕੇ ਨਾਮਵਰ ਪੰਜਾਬੀ ਲੋਕ ਗਾਇਕ ਪਦਮ ਸ਼੍ਰੀ ਹੰਸ ਰਾਜ ਹੰਸ, ਚਾਂਸਲਰ ਜੀ.ਕੇ.ਯੂ. ਗੁਰਲਾਭ ਸਿੰਘ ਸਿੱਧੂ ਤੇ ਵਾਈਸ ਚਾਂਸਲਰ ਪ੍ਰੋ. (ਡਾ.) ਰਾਮੇਸ਼ਵਰ ਸਿੰਘ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਉਸਤਾਦ ਹਮਾਂਯੂ ਸਖੀ (ਅਮਰੀਕਾ) ਦੇ ਰਬਾਬ ਵਾਦਨ ਨੇ ਆਪਣੇ ਲਾਜਵਾਬ ਵਾਦਨ ਨਾਲ ਸਰੋਤਿਆਂ ਨੂੰ ਨਿਹਾਲ ਕੀਤਾ। ਤਬਲੇ 'ਤੇ ਪੰਡਿਤ ਸਿਧਾਰਥ ਚਟਰਜੀ ਤੇ ਲੀਨਾ ਬੇਦੀ (ਡਾਇਰੈਕਟਰ ਸਿੱਖ ਮਿਊਜ਼ਿਕ ਹੈਰੀਟੇਜ) ਦੇ ਸਿਤਾਰ ਵਾਦਨ ਅਤੇ ਗਾਇਨ ਦੀ ਜੁਗਲ ਬੰਦੀ ਨੇ ਦਰਸ਼ਕਾਂ ਦੀ ਬਿਰਤੀ ਪ੍ਰਭੂ ਸੰਗ ਲਗਾ ਦਿੱਤੀ। ਸੰਗੀਤ ਦੇ ਇਸ ਉਤਸਵ ਨੇ ਰੂਹਾਨੀ ਮਾਹੌਲ ਪੈਦਾ ਕਰਕੇ ਦਰਸ਼ਕਾਂ ਨੂੰ ਮੰਤਰ ਮੁਗਧ ਕੀਤਾ। ਸਖੀ ਵੱਲੋਂ ਪੁਰਾਤਨ ਅਫਗਾਨੀ ਰਬਾਬ ਆਯੋਜਕਾਂ ਨੂੰ ਭੇਂਟ ਕੀਤੀ ਗਈ। ਚਾਂਸਲਰ ਸਿੱਧੂ ਅਤੇ ਵਾਈਸ ਚਾਂਸਲਰ ਡਾ. ਸਿੰਘ ਨੇ ਗੁਰੂ ਨਾਨਕ ਚੇਅਰ ਅਤੇ ਭਾਈ ਮਰਦਾਨਾ ਚੇਅਰ ਦੀ ਪਹਿਲਕਦਮੀ ਦੀ ਪ੍ਰਸ਼ੰਸਾ ਕਰਦੇ ਹੋਏ ਮੂਲ ਰੂਪ 'ਚ ਅਫ਼ਗਾਨਿਸਤਾਨ ਦੇ ਜੰਮਪਲ ਤੇ ਅਮਰੀਕਾ ਵਾਸੀ ਹੁਮਾਂਯੂ ਸਖੀ ਦੇ ਵਰਸਿਟੀ ਵਿਚ ਬਤੌਰ ਪ੍ਰੋਫੈਸਰ ਆਫ਼ ਪ੍ਰੈਕਟਿਸ ਜੁਆਇਨ ਕਰਨ ਤੇ ਸ਼ੁਭ ਕਾਮਨਾਵਾਂ ਭੇਂਟ ਕੀਤੀਆਂ। ਉਨ੍ਹਾਂ ਕਿਹਾ ਕਿ ਵਰਸਿਟੀ ਭਵਿੱਖ ਵਿੱਚ ਪੰਜਾਬੀ ਲੋਕ ਸੰਗੀਤ, ਤੰਤੀ ਸਾਜਾਂ ਅਤੇ ਗੁਰਮਤਿ ਸੰਗੀਤ ਤੇ ਵਿਕਾਸ ਅਤੇ ਪ੍ਰਚਾਰ-ਪਾਸਾਰ ਲਈ ਵੱਡੇ ਪੱਧਰ ਤੇ ਸੰਗੀਤ ਸੰਮੇਲਨ ਆਯੋਜਿਤ ਕਰਨ ਦੀ ਯੋਜਨਾ ਤੇ ਕੰਮ ਕਰ ਰਹੀ ਹੈ। ਉਨ੍ਹਾਂ ਰਬਾਬ ਵਾਦਨ ਅਤੇ ਗੁਰਮਤ ਸੰਗੀਤ ਦੇ ਖੇਤਰ ਵਿੱਚ ਖੋਜ ਕਾਰਜਾਂ ਲਈ ਵਿਦਿਆਰਥੀਆਂ ਅਤੇ ਸੰਗੀਤ ਪ੍ਰੇਮੀਆਂ ਨੂੰ ਇਸ ਦਿਸ਼ਾ ਵੱਲ ਕੰਮ ਕਰਨ ਦੀ ਗੱਲ ਕਹੀ। ਹੰਸ ਨੇ ਜੀ.ਕੇ.ਯੂ. ਵੱਲੋਂ ਪੰਜਾਬੀ ਅਮੀਰ ਵਿਰਸੇ ਦੀ ਸਾਂਭ-ਸੰਭਾਲ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਵਰਤਮਾਨ ਪੀੜ੍ਹੀ ਨੂੰ ਸਾਡੇ ਤੰਤੀ ਸਾਜ਼ਾਂ ਨਾਲ ਜੁੜ ਕੇ ਇਸਦੇ ਪ੍ਰਚਾਰ-ਪਾਸਾਰ ਲਈ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਹ ਸਾਡੇ ਗੁਰੂਆਂ ਦੀ ਅਨਮੋਲ ਵਿਰਾਸਤ ਹੈ। ਡਾ. ਗੁਰਪ੍ਰੀਤ ਕੌਰ, ਡੀਨ ਫੈਕਲਟੀ ਆਫ ਵਿਜ਼ੂਅਲ ਐਂਡ ਪਰਫਾਰਮਿੰਗ ਆਰਟਸ ਨੇ ਆਪਣੇ ਧੰਨਵਾਦੀ ਭਾਸ਼ਣ ਵਿੱਚ ਕਿਹਾ ਕਿ ਅਜਿਹੇ ਸਮਾਰੋਹ ਸਾਡੇ ਅਧਿਆਤਮਕ ਅਤੇ ਸਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਉੱਤਮ ਉਪਰਾਲਾ ਹਨ। ਉਨ੍ਹਾਂ ਹੁਮਾਂਯੂ ਸਖੀ ਵੱਲੋਂ ਗੁਰੂ ਕਾਸ਼ੀ ਯੂਨੀਵਰਸਿਟੀ ਨੂੰ ਭੇਂਟ ਕੀਤੀ ਗਈ ਰਬਾਬ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਆਯੋਜਕਾਂ ਵੱਲੋਂ ਮੁੱਖ ਮਹਿਮਾਨ ਅਤੇ ਸੰਗੀਤ ਉਸਤਾਦਾਂ ਨੂੰ ਸਨਮਾਨ ਪੱਤਰ, ਦੁਸ਼ਾਲੇ ਅਤੇ ਸਮ੍ਰਿਤੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।



ਆਵਾਜ਼ਿ ਕੌਮ AWAZE QAUM International Newspaper & WEB TV

### ਯੂਕੇ ਦੇ ਵੁਲਵਰਹੈਂਪਟਨ ਵਿੱਚ ਦੋ ਬਜ਼ੁਰਗ ਸਿੱਖ ਟੈਕਸੀ ਡਰਾਈਵਰਾਂ 'ਤੇ ਹਮਲੇ ਦੇ ਦੋਸ਼ ਵਿਚ ਤਿੰਨ ਦੋਸ਼ੀਆਂ ਉਪਰ ਲਗਿਆ ਚਾਰਜ

# 5 ਮਾਰਚ ਨੂੰ ਡਡਲੇ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਹੋਣਗੇ ਪੇਸ਼

ਨਵੀਂ ਦਿੱਲੀ 30 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਵੁਲਵਰਹੈਂਪਟਨ ਵਿੱਚ ਦੋ ਬਜ਼ੁਰਗ ਸਿੱਖ ਟੈਕਸੀ ਡਰਾਈਵਰਾਂ 'ਤੇ ਹਮਲੇ ਦੇ ਸਬੰਧ ਵਿੱਚ ਅੱਜ ਤਿੰਨ ਲੋਕਾਂ 'ਤੇ ਦੋਸ਼ ਲਗਾਏ ਗਏ ਹਨ ਅਤੇ ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ। ਪਿਛਲੇ ਸਾਲ ਅਗਸਤ ਵਿੱਚ ਹੋਏ ਹਮਲੇ ਦੀ ਵੀਡੀਓ ਰਿਕਾਰਡ ਹੋ ਗਈ ਸੀ ਅਤੇ ਤਿੰਨ ਆਦਮੀਆਂ ਨੂੰ ਬ੍ਰਿਟਿਸ਼ ਟ੍ਰਾਂਸਪੋਰਟ ਪੁਲਿਸ (ਬੀਟੀਪੀ) ਨੇ ਤੁਰੰਤ ਗ੍ਰਿਫਤਾਰ ਕਰ ਲਿਆ ਸੀ। 20 ਸਾਲਾ ਜੈਕਰੀ ਹਾਲ, ਜੋ ਕਿ ਡਡਲੇ ਦਾ ਰਹਿਣ ਵਾਲਾ ਹੈ, 'ਤੇ ਗੰਭੀਰ ਸਰੀਰਕ ਨੁਕਸਾਨ (ਜੀਬੀਐਚ), ਇੱਕ ਨਸਲੀ ਤੌਰ 'ਤੇ ਵਧਿਆ ਹੋਇਆ ਜਨਤਕ ਵਿਵਸਥਾ ਅਪਰਾਧ, ਅਤੇ ਤਿੰਨ ਹੋਰ ਜਨਤਕ ਵਿਵਸਥਾ ਅਪਰਾਧਾਂ ਦਾ ਦੋਸ਼ ਲਗਾਇਆ ਗਿਆ ਹੈ। 25 ਸਾਲਾ ਨਾਥਨ ਐਡਵਰਡਸ, ਜੋ ਕਿ ਡਾਰਲਸਟਨ ਦਾ ਰਹਿਣ ਵਾਲਾ ਹੈ, 'ਤੇ ਜੀਬੀਐਚ, ਅਸਲ ਸਰੀਰਕ ਨੁਕਸਾਨ, ਦੋ ਜਨਤਕ ਵਿਵਸਥਾ ਅਪਰਾਧ, ਅਪਰਾਧਿਕ ਨੁਕਸਾਨ ਅਤੇ ਗ੍ਰਿਫਤਾਰੀ ਦਾ ਵਿਰੋਧ ਕਰਨ ਦੇ ਦੋਸ਼ ਲਗਾਏ ਗਏ ਹਨ। 18 ਸਾਲਾ ਲਿਓਨ ਵਿਲੇਟਸ ਅਤੇ ਰੌਲੀ ਰੇਜਿਸ 'ਤੇ ਜੀਬੀਐਚ ਅਤੇ ਗ੍ਰਿਫਤਾਰੀ ਦਾ ਵਿਰੋਧ ਕਰਨ ਦੇ ਦੋਸ਼ ਲਗਾਏ ਗਏ ਹਨ। ਉਨ੍ਹਾਂ ਨੂੰ ਵੀਰਵਾਰ 5 ਮਾਰਚ ਨੂੰ ਡਡਲੇ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਹੋਣ ਲਈ ਜ਼ਮਾਨਤ ਦਿੱਤੀ ਗਈ ਹੈ। ਬੀਟੀਪੀ ਸੁਪਰਡੈਂਟ ਸੂ ਪੀਟਰਸ ਨੇ ਕਿਹਾ ਅਸੀਂ ਸਮਝਦੇ ਹਾਂ ਕਿ ਇਸ ਘਟਨਾ ਨੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ, ਨਾਲ ਹੀ ਸਥਾਨਕ ਸਿੱਖ ਭਾਈਚਾਰੇ ਅਤੇ ਆਮ ਜਨਤਾ ਨੂੰ ਕਿੰਨੀ ਚਿੰਤਾ ਵਿੱਚ ਪਾ ਦਿੱਤਾ ਹੈ। ਇਸ ਮਾਮਲੇ ਦੀ ਪੂਰੀ ਜਾਂਚ ਕੀਤੀ ਗਈ ਹੈ, ਅਤੇ ਹੁਣ ਤਿੰਨ ਵਿਅਕਤੀਆਂ 'ਤੇ ਦੋਸ਼ ਲਗਾਏ ਗਏ ਹਨ। ਇਹ ਬਹੁਤ ਜ਼ਰੂਰੀ ਹੈ ਕਿ ਨਿਆਂਇਕ ਪ੍ਰਕਿਰਿਆ ਨੂੰ ਬਿਨਾਂ ਕਿਸੇ ਦਖਲ ਦੇ ਜਾਰੀ ਰਹਿਣ ਦਿੱਤਾ ਜਾਵੇ, ਅਤੇ ਕੁਝ ਵੀ ਅਜਿਹਾ ਨਾ ਕਿਹਾ ਜਾਵੇ ਜਾਂ ਪ੍ਰਕਾਸ਼ਿਤ ਨਾ ਕੀਤਾ ਜਾਵੇ ਜੋ ਚੱਲ ਰਹੀ ਅਦਾਲਤੀ ਕਾਰਵਾਈ ਨੂੰ ਪ੍ਰਭਾਵਿਤ ਕਰ ਸਕੇ। ਅਸੀਂ ਪੀੜਤਾਂ ਨਾਲ ਨੇੜਲੇ ਸੰਪਰਕ ਵਿੱਚ ਰਹਿੰਦੇ ਹਾਂ ਅਤੇ ਸਿੱਖ ਭਾਈਚਾਰੇ ਅਤੇ ਭਾਈਵਾਲ ਏਜੰਸੀਆਂ ਨਾਲ ਜੁੜਦੇ ਰਹਿੰਦੇ ਹਾਂ। ਜਿਕਰਯੋਗ ਹੈ ਕਿ ਪੁਲਿਸ ਅਧਿਕਾਰੀਆਂ ਨੂੰ 15 ਅਗਸਤ 2025 ਨੂੰ ਵੁਲਵਰਹੈਂਪਟਨ ਰੇਲਵੇ ਸਟੇਸ਼ਨ ਦੇ ਬਾਹਰ ਦੁਪਹਿਰ ਦੇ ਕਰੀਬ ਸਿੱਖਾਂ ਉਪਰ ਹਮਲਾ ਹੋਣ ਦੀ ਖ਼ਬਰ ਉਪਰੰਤ ਕਾਰਵਾਈ ਲਈ ਬੁਲਾਇਆ ਗਿਆ ਸੀ। ਤਿੰਨ ਵਿਅਕਤੀਆਂ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰਦਿਆਂ ਪੁੱਛਗਿੱਛ ਲਈ ਹਿਰਾਸਤ ਵਿੱਚ ਲੈ ਲਿਆ ਗਿਆ, ਅਤੇ ਬਾਅਦ ਵਿੱਚ ਪੁੱਛਗਿੱਛ ਜਾਰੀ ਰਹਿਣ ਦੌਰਾਨ ਪੁਲਿਸ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਪੀੜਤ, ਦੋ ਸਿੱਖ ਆਦਮੀ - ਇੱਕ 60 ਸਾਲਾ ਅਤੇ ਦੂਜਾ 70 ਸਾਲਾ ਇਲਾਜ ਲਈ ਹਸਪਤਾਲ ਗਏ ਅਤੇ ਉਨ੍ਹਾਂ ਨੂੰ ਇਲਾਜ ਉਪਰੰਤ ਛੁੱਟੀ ਦੇ ਦਿੱਤੀ ਗਈ। ਸਰਦਾਰ ਦਬਿੰਦਰਜੀਤ ਸਿੰਘ ਨੇ ਕਿਹਾ ਅਸੀਂ ਖੁਸ਼ ਹਾਂ ਕਿ ਤਿੰਨਾਂ ਵਿਅਕਤੀਆਂ 'ਤੇ ਦੋਸ਼ ਲਗਾਏ ਗਏ ਹਨ ਅਤੇ ਅਸੀਂ ਬ੍ਰਿਟਿਸ਼ ਟ੍ਰਾਂਸਪੋਰਟ ਪੁਲਿਸ ਦੀ ਜਾਂਚ ਅਤੇ ਦਬਾਅ ਬਣਾਈ ਰੱਖਣ ਲਈ ਸਥਾਨਕ ਸੰਸਦ ਮੈਂਬਰਾਂ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ। ਇਸ ਭਿਆਨਕ ਹਮਲੇ ਲਈ ਤਿੰਨਾਂ ਬੰਦਿਆਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕੀਤੇ ਜਾਣ ਦੇ ਬਾਵਜੂਦ, ਵੀਡੀਓ ਸਬੂਤ ਵਾਇਰਲ ਹੋ ਗਏ ਸਨ ਅਤੇ ਹਮਲੇ ਦੇ ਗਵਾਹ ਸਨ, ਇਸ ਗੱਲ 'ਤੇ ਭਾਰੀ ਨਿਰਾਸ਼ਾ ਸੀ ਕਿ ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ ਨੂੰ ਦੋਸ਼ ਲਗਾਉਣ ਤੋਂ ਪਹਿਲਾਂ ਸੰਤੁਸ਼ਟ ਹੋਣ ਵਿੱਚ ਪੰਜ ਮਹੀਨਿਆਂ ਤੋਂ ਵੱਧ ਸਮਾਂ ਲੱਗ ਗਿਆ ਹੈ। ਦੋ ਬਜ਼ੁਰਗ ਸਿੱਖ ਬੰਦਿਆਂ 'ਤੇ ਹਮਲੇ ਵਿੱਚ ਸਪੱਸ਼ਟ ਤੌਰ 'ਤੇ ਨਸਲਵਾਦੀ ਤੱਤ ਸੀ ਅਤੇ ਅਸੀਂ ਨੋਟ ਕਰਦੇ ਹਾਂ ਕਿ ਤਿੰਨਾਂ ਵਿੱਚੋਂ ਇੱਕ 'ਤੇ ਨਸਲੀ ਤੌਰ 'ਤੇ ਵਧੇ ਹੋਏ ਜਨਤਕ ਵਿਵਸਥਾ ਅਪਰਾਧ ਦਾ ਦੋਸ਼ ਲਗਾਇਆ ਗਿਆ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

### ਵਾਰਿਸ ਪੰਜਾਬ ਦੇ ਜਥੇਬੰਦੀ ਵੱਲੋਂ ਰਈਆ ਵਿਖੇ ਦਫਤਰੀ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਮਹਿਤਾ ਉਦੋਨੰਗਲ ਨੂੰ ਸੌਂਪੀ ਜਿੰਮੇਵਾਰੀ-ਬਾਬਾ ਬਿਬੇਕ ਸਿੰਘ

## ਚਾਚਾ ਪ੍ਰਗਟ ਸਿੰਘ ਤੇ ਭਾਈ ਪਰਮਜੀਤ ਸਿੰਘ ਜੌਹਲ ਨੂੰ ਪੀ ਏ ਸੀ ਦੇ ਮੈਂਬਰ ਨਿਯੁਕਤ ਹੋਣ ਤੇ ਸਨਮਾਨ ਚਿੰਨ੍ਹ ਦੇ ਕਿ ਕੀਤਾ ਸਨਮਾਨਿਤ



**ਜੰਡਿਆਲਾ ਗੁਰੂ 30 ਜਨਵਰੀ (ਕੁਲਵੰਤ ਸਿੰਘ ਵਿਰਦੀ )**-ਅੱਜ ਬਾਬਾ ਬਿਬੇਕ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਸੇਵਾਦਾਰ ਹਲਕਾ ਜੰਡਿਆਲਾ ਗੁਰੂ ਤੇ ਅਮਨਦੀਪ ਸਿੰਘ ਡੱਡੂਆਣਾ ਨੇ ਜਾਣਕਾਰੀ ਸਾਂਝੀ ਕਰਦਿਆ ਹੋਇਆ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਦੀ ਚੜ੍ਹਦੀ ਕਲ੍ਹਾ ਲਈ ਅੱਜ ਪਾਰਟੀ ਦੇ ਮੁੱਖ ਦਫਤਰ ਰਈਆ ਵਿਖੇ ਪਾਰਟੀ ਦੀਆਂ ਨਿਯੁਕਤੀਆਂ ਦੇ ਹੁਕਮ, ਪਾਰਟੀ ਦੇ ਦਫਤਰੀ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਮਿਹਨਤੀ ਪੜ੍ਹੇ ਲਿਖੇ ਇਮਾਨਦਾਰ ਲੰਮੇ ਸਮੇ ਤੋ ਪਾਰਟੀ ਦੀ ਸੇਵਾ ਕਰਦੇ ਆ ਰਹੇ ਪਾਰਟੀ ਵੱਲੋਂ ਦੋ ਸਹਾਇਕ ਦਫ਼ਤਰ ਸਕੱਤਰ ਜਤਿੰਦਰ ਸਿੰਘ ਮਹਿਤਾ, ਜੁਗਰਾਜ ਸਿੰਘ ਉਦੋਨਗਲ ਨੂੰ ਨਿਯੁਕਤ ਕੀਤਾ ਗਿਆ ਅਤੇ ਬਾਪੂ ਤਰਸੇਮ ਸਿੰਘ ਜੀ ਵਲੋ ਸਿਰਪਾਉ ਬਖ਼ਿਸ਼ਸ਼ ਕੀਤਾ ਗਿਆ। ਅੱਜ ਤੋ ਦੋਵੇਂ ਸੇਵਾਦਾਰ ਪਾਰਟੀ ਦੇ ਮੁੱਖ ਦਫਤਰ ਰਈਆ ਵਿੱਖੇ ਪਾਰਟੀ ਦੇ ਦਫ਼ਤਰੀ ਕੰਮਕਾਜ ਦੇਖਣਗੇ । ਇਸ ਮੌਕੇ ਵਿਸੇਸ ਤੌਰ ਚਾਚਾ ਪ੍ਰਗਟ ਸਿੰਘ ਅਤੇ ਭਾਈ ਪਰਮਜੀਤ ਸਿੰਘ ਜੌਹਲ ਨੂੰ ਪੀ ਏ ਸੀ ਦੇ ਮੈਂਬਰ ਬਣਾਏ ਜਾਣ ਤੇ ਹਲਕਾ ਜੰਡਿਆਲਾ ਗੁਰੂ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਵਧਾਈ ਦਿੱਤੀ ਗਈ! , ਇਸ ਮੌਕੇ ਚਾਚਾ ਸੁਖਚੈਨ ਸਿੰਘ , ਬਲਦੇਵ ਸਿੰਘ ਜੱਲੂਪੁਰ ਖੈੜਾ , ਜੋਧਬੀਰ ਸਿੰਘ ਜੱਲੂਪੁਰ ਖੈੜਾ,ਪ੍ਰੈਸ ਸਕੱਤਰ ਸਮਸੇਰ ਸਿੰਘ ਪੱਧਰੀ,ਸੁਖਦੇਵ ਸਿੰਘ ਕਾਦੀਆਂ, ਜਸਵਿੰਦਰ ਸਿੰਘ,,ਸੁਰਿੰਦਰਪਾਲ ਸਿੰਘ ਤਾਲਬਪੁਰਾ,ਪਵਿੱਤਰਜੀਤ ਸਿੰਘ ਬਹਾਦਰਪੁਰ, ਅਮਰਜੀਤ ਸਿੰਘ ਕਾਲੇਕੇ,ਅਵਤਾਰ ਸਿੰਘ ਪੱਡਾ,ਗੁਰਦਰਸਨ ਸਿੰਘ ਖਲਚੀਆ, ਜਰਮਨਜੀਤ ਸਿੰਘ ਸਰਾਂ,ਜਗਦੀਪ ਸਿੰਘ ਨਾਗੋਕੇ,ਸਕੱਤਰ ਸਿੰਘ ਜਲਾਲਉਸਮਾ, ਦਿਲਬਾਗ ਸਿੰਘ, ਕੇਵਲ ਸਿੰਘ ਪ੍ਰਧਾਨ, ਕੁਲਦੀਪ ਸਿੰਘ ਮਹਿਤਾ, ਗੁਰਦੇਵ ਸਿੰਘ ਗੱਗੜਭਾਣਾ, ਸਤਨਾਮ ਸਿੰਘ ਧਰਮੂਚੱਕ, ਰਜਵੰਤ ਸਿੰਘ ਮਹਿਲਾਵਾਲਾ, ਭਾਈ ਬਿਕਰਮਜੀਤ ਸਿੰਘ ਨਰੈਣਗੜ੍ਹ, ਭਾਈ ਸਿਮਰਨਜੀਤ ਸਿੰਘ, ਜਸਵਿੰਦਰ ਸਿੰਘ,ਭਾਈ ਹਰਦੇਵ ਸਿੰਘ , ਗੁਰਪ੍ਰੀਤ ਸਿੰਘ ਢੱਪਈਆਂ, ਬਚਿੱਤਰ ਸਿੰਘ ਤਰਸਿੱਕਾ, ਬਿਕਰਮ ਸਿੰਘ ਗਹਿਰੀ,ਕੰਨਵਲਪ੍ਰੀਤ ਸਿੰਘ ਰਵੀ ਜੰਡਿਆਲਾ ਗੁਰੂ ਆਦਿ ਹਾਜ਼ਰ ਸਨ !

ਆਵਾਜ਼ਿ ਕੌਮ AWAZE QAUM International Newspaper & WEB TV

## ਮਾਨ ਸਰਕਾਰ ਵੱਲੋਂ 10 ਲੱਖ ਦੇ ਮੁਫ਼ਤ ਸਿਹਤ ਬੀਮੇ ਨਾਲ ਹੋਵੇਗਾ ਫ੍ਰੀ ਇਲਾਜ ਸਰਪੰਚ



ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਦੀ ਆਮ ਆਦਮੀ ਪਾਰਟੀ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਮਾਨ ਸਰਕਾਰ ਵੱਲੋਂ ਸ਼ੁਰੂ ਕੀਤੀ ਪੰਜਾਬ ਦੇ ਵਸਨੀਕਾਂ ਲਈ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਨਾਲ ਲਗਭਗ 65 ਲੱਖ ਪਰਿਵਾਰਾਂ ਦਾ ਮੁਫ਼ਤ ਇਲਾਜ ਹੋਵੇਗਾ। ਇਸ ਸਕੀਮ ਨਾਲ ਪੰਜਾਬ ਲੋਕਾਂ ਲਈ ਇੱਕ ਅਣਮੋਲ ਤੋਹਫ਼ਾ ਹੈ ਕਿਉਂਕਿ ਕਹਿੰਦੇ ਨੇ ਇੰਨਸਾਨ ਨੂੰ ਸਿੱਖਿਆ ਅਤੇ ਇਲਾਜ ਮੁਫ਼ਤ ਵਿੱਚ ਮਿਲਣਾ ਚਾਹੀਦਾ ਹੈ। ਉਹ ਕੰਮ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਨੇ ਕਰਕੇ ਦਿਖਾ ਦਿੱਤਾ ਹੈ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਰਪੰਚ ਅਮਰੀਕ ਸਿੰਘ ਕਿਲਾ ਹਕੀਮਾਂ, ਸਰਪੰਚ ਸੁਖਚੈਨ ਸਿੰਘ ਮੂਲੋਂਵਾਲ, ਸਰਪੰਚ ਦਲਵੀਰ ਸਿੰਘ ਧੰਦੀਵਾਲ, ਸਰਪੰਚ ਅਮਨਦੀਪ ਸਿੰਘ ਰਣੀਕੇ, ਸਰਪੰਚ ਸਿਮਰਨਜੀਤ ਸਿੰਘ ਬਟੂਹਾਂ, ਸਰਪੰਚ ਜਗਰੂਪ ਸਿੰਘ ਕੌਲਸੇੜੀ ਅਤੇ ਉੱਘੇ ਸਮਾਜ ਸੇਵੀ ਸਰਪੰਚ ਗੁਰਜੰਟ ਸਿੰਘ ਭੜੀ ਨੇ ਸਾਂਝੇ ਤੌਰ 'ਤੇ ਕੀਤਾ । ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਸ਼ਰਤ ਇਹ ਸਕੀਮ ਹਰ ਉਸ ਪੰਜਾਬ ਦੇ ਵਾਸੀਆਂ ਲਈ ਹੈ, ਜਿਸ ਕੋਲ ਪੰਜਾਬ ਦਾ ਅਧਾਰ ਕਾਰਡ ਤੇ ਵੋਟਰ ਕਾਰਡ ਹੈ ਅਤੇ ਇਸ ਸਬੰਧੀ ਪੰਜਾਬ ਦੇ ਬਹੁਗਿਣਤੀ ਪ੍ਰਾਈਵੇਟ ਹਸਪਤਾਲ ਦੀ ਵੀ ਇੱਕ ਲੰਮੀ ਲਿਸਟ ਹੈ ਜਿੱਥੇ ਜਾ ਕੇ ਕਿਸੇ ਵੀ ਬਿਮਾਰੀ ਦਾ ਇਲਾਜ ਮੁਫ਼ਤ ਕਰਵਾਇਆ ਜਾ ਸਕੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਮਾਤਾ ਸੁੰਦਰੀ ਪਬਲਿਕ ਸਕੂਲ ਦੇ ਅੰਤਰਰਾਸ਼ਟਰੀ ਅੰਗਰੇਜ਼ੀ ਅਧਿਆਪਕ ਸ. ਗੁਰਦੀਪ ਸਿੰਘ ਢਿੱਲੋਂ ਨੇ ਸਿੱਖਿਆ ਦੇ ਖੇਤਰ ਵਿੱਚ ਬਣਾਇਆ ਰਿਕਾਰਡ

# ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਕਰਵਾਇਆ ਆਪਣਾ ਨਾਮ

ਤਲਵੰਡੀ ਸਾਬੋ, 30 ਜਨਵਰੀ (ਗੁਰਜੰਟ ਸਿੰਘ ਨਥੇਹਾ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸੁਯੋਗ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਸੁੰਦਰੀ ਪਬਲਿਕ ਸਕੂਲ, ਕੋਟ ਸ਼ਮੀਰ ਦੇ ਅੰਤਰਰਾਸ਼ਟਰੀ ਅੰਗਰੇਜ਼ੀ ਅਧਿਆਪਕ ਸ. ਗੁਰਦੀਪ ਸਿੰਘ ਢਿੱਲੋਂ ਨੇ ਦੇਸ਼ ਅਤੇ ਸਕੂਲ ਦਾ ਨਾਮ ਰੌਸ਼ਨ ਕਰਦੇ ਹੋਏ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਆਪਣਾ ਨਾਮ ਦਰਜ ਕਰਵਾਇਆ ਹੈ। ਸ. ਗੁਰਦੀਪ ਸਿੰਘ ਢਿੱਲੋਂ ਨੇ ਅੰਗਰੇਜ਼ੀ ਭਾਸ਼ਾ ਅਤੇ ਸਿੱਖਿਆ ਦੇ ਖੇਤਰ ਵਿੱਚ ਵਿਲੱਖਣ ਉਪਲੱਬਧੀ ਹਾਸਲ ਕਰਕੇ ਇਹ ਮਾਣਯੋਗ ਰਿਕਾਰਡ ਬਣਾਇਆ।ਉਨ੍ਹਾਂ ਦੀ ਇਸ ਕਾਮਯਾਬੀ ਨਾਲ ਸਕੂਲ, ਪਿੰਡ ਕੋਟ ਸ਼ਮੀਰ ਅਤੇ ਪੂਰੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸਕੂਲ ਪ੍ਰਿੰਸੀਪਲ, ਐਸੋ. ਪ੍ਰੋਫੈਸਰ ਡਾ: ਮਨੋਰਮਾ ਸਮਾਗ ਜੀ ਨੇ ਉਨ੍ਹਾਂ ਨੂੰ ਦਿਲੋਂ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਉਪਲੱਬਧੀ ਵਿਦਿਆਰਥੀਆਂ ਲਈ ਪ੍ਰੇਰਣਾ ਸਰੋਤ ਹੈ। ਇਸ ਪ੍ਰਾਪਤੀ ਨਾਲ ਅਧਿਆਪਕ, ਮਾਤਾ ਸੁੰਦਰੀ ਪਬਲਿਕ ਸਕੂਲ ਅਤੇ ਸਮੁੱਚੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਕਸ ਉੱਚਾ ਹੋਇਆ ਹੈ ਜੋ ਬਹੁਤ ਹੀ ਮਾਣ ਵਾਲੀ ਗੱਲ ਹੈ। ਸ. ਗੁਰਦੀਪ ਸਿੰਘ ਢਿੱਲੋਂ ਨੇ ਆਪਣੀ ਸਫਲਤਾ ਦਾ ਸਿਹਰਾ ਆਪਣੇ ਮਾਤਾ-ਪਿਤਾ, ਸਕੂਲ ਪ੍ਰਬੰਧਨ ਅਤੇ ਵਿਦਿਆਰਥੀਆਂ ਤੋਂ ਮਿਲੇ ਸਹਿਯੋਗ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਉਹ ਵਿਦਿਆ ਦੇ ਖੇਤਰ ਵਿੱਚ ਦੇਸ਼ ਲਈ ਹੋਰ ਉਪਲਬਧੀਆਂ ਹਾਸਲ ਕਰਨ ਲਈ ਯਤਨਸ਼ੀਲ ਰਹਿਣਗੇ। ਅੰਤ ਵਿੱਚ ਉਹਨਾਂ ਸਭ ਦਾ ਦਿਲੋਂ ਧੰਨਵਾਦ ਕੀਤਾ।




# 649ਸਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਲ ਪਰ ਮੰਨੀ ਇੱਕ ਵੀ ਨਹੀਂ



ਆਓ ਇਸ ਸਾਲ ਜਨਮ ਦਿਹਾੜੇ ਤੇ ਪ੍ਰਣ ਕਰੀਏ ਕਿ ਗੁਰੂ ਰਵੀਦਾਸ ਮਹਾਰਾਜ ਜੀ ਦੇ ਕਹਿਣਅਨੁਸਾਰ ਆਪਣਾ ਜੀਵਨ ਬਤੀਤ ਕਰਾਂਗੇ,ਗੁਲਾਮੀ ਸਹਿਣ ਨਹੀਂ ਕਰਾਂਗੇ ਕਿਉਂਕਿ ਗੁਰੂ ਰਵਿਦਾਸ ਮਹਾਰਾਜ ਜੀ ਨੇ ਗੁਲਾਮੀ ਨੂੰ ਪਾਪ ਕਿਹਾ ਹੈ। ਉਹਨਾਂ ਨੇ ਮਿਹਨਤ ਕਰਕੇ ਆਪਣਾ ਜੀਵਨ ਨਿਰਭਾ ਕਰਨ ਦੀ ਸਿੱਖਿਆ ਦਿੱਤੀ ਪ੍ਰੰਤੂ ਅਸੀਂ ਉਹਨਾਂ ਦੀ ਸਿੱਖਿਆ ਦੇ ਉਲਟ ਜਾ ਕੇ ਅੱਜ ਮੁਫਤ ਦੀਆਂ ਆਟਾ ਦਾਲ ਸਕੀਮਾਂ ਤੇ ਲੱਗ ਗਏ,ਅਸੀਂ ਮੰਗਣਾ ਸ਼ੁਰੂ ਕਰ ਦਿੱਤਾ ਹੈ।ਮੰਗਾਂ ਤੇ ਵੰਡੇ ਜਾ ਚੁੱਕੇ ਹਾਂ ਜਦੋਂ ਕਿ ਉਹਨਾਂ ਦੀਆਂ ਸਿੱਖਿਆਵਾਂ ਸਾਨੂੰ ਰਾਜ ਭਾਗ ਲੈਣ ਲਈ ਲਈ ਵੰਗਾਰ ਰਹੀਆਂ ਹਨ।ਗੁਰੂ ਸਾਹਿਬ ਬੇਗਮਪੁਰੇ ਦੀ ਗੱਲ ਕਰ ਰਹੇ ਹਨ ਹਨ ਅਸੀਂ ਇਸ ਵੱਲ ਵੀ ਧਿਆਨ ਨਹੀਂ ਦਿੱਤਾ ਗੁਰੂ ਸਾਹਿਬ ਤੋਂ ਬਾਅਦ ਬਾਬਾ ਸਾਹਿਬ ਡਾਕਟਰ ਭੀਮ ਕਰ ਜੀ ਨੇ ਵੀ ਇਹੋ ਕਿਹਾ ਕਿ ਮਾਨ ਸਨਮਾਨ ਦੇ ਜ਼ਿੰਦਗੀ ਜੀਓ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਕੇ ਆਪਣੇ ਰਾਜੇ ਚੁਣੋ ਕਿਉਂਕਿ ਇਹਨਾਂ ਦਾ ਰਾਜਾ ਹੁੰਦਾ ਹੈ ਉਹਨਾਂ ਵੱਲ ਕੋਈ ਅੱਖ ਚੁੱਕ ਕੇ ਨਹੀਂ ਵੇਖ ਸਕਦਾ ਜੇ ਅਸੀਂ ਪੁਰਾਤਨ ਇਤਿਹਾਸ ਵੱਲ ਨਿਗਾ ਮਾਰੀਏ ਤਾਂ ਪਤਾ ਚਲਦਾ ਹੈ ਕਿ ਅਸੀਂ ਇਸ ਦੇਸ਼ ਦੇ ਰਾਜੀ ਰਹਿ ਚੁੱਕੇ ਹਾਂ ਉਹ ਸਾਨੂੰ ਇਸ਼ਾਰਾ ਕਰਕੇ ਗਏ ਹਨ ਕਿ ਆਪਣੀਆਂ ਕੰਧਾਂ ਤੇ ਲਿਖੋ ਕਿ ਅਸੀਂ ਇਸ ਦੇਸ਼ ਦੇ ਰਾਜੇ ਬਣਨਾ ਹੈ ਔਰ ਅਸੀਂ ਕੰਧਾਂ ਦੇ ਉੱਤੇ ਕੁਝ ਹੋਰ ਹੀ ਲਿਖ ਲਿਆ ਹੈ। ਸਾਨੂੰ ਇਸ ਬਾਰੇ ਵਿਚਾਰਾਂ ਕਰਨੀਆਂ ਚਾਹੀਦੀਆਂ ਹਨ ਵੋਟ ਦਾ ਸਹੀ ਇਸਤੇਮਾਲ ਕਰਕੇ ਅਸੀਂ ਆਪਣਾ ਰਾਜਾ ਚੁਣ ਕੇ ਬੇਗਮਪੁਰਾ ਵਸਾ ਸਕਦੇ ਹਾਂ ਨਹੀਂ ਕੋਈ ਫਾਇਦਾ ਨਹੀਂ ਆਏ ਸਾਲ ਪ੍ਰਭਾਤ ਫੇਰੀਆਂ ਕੱਢਣ ਦਾ ਅਤੇ ਢੋਲਕੀਆਂ ਛੈਂਣੇ ਵਜਾਉਣ ਦਾ।ਅਜਿਹਾ ਕਰਕੇ ਅਸੀਂ ਆਪਣੀ ਅਕਲ ਦਾ ਜਲੂਸ ਹੀ ਕੱਢ ਰਹੇ ਹਾਂ।ਇਸ ਦਾ ਕੋਈ ਸਾਰਥਕ ਸਿੱਟਾ ਨਹੀਂ ਨਿਕਲਣ ਵਾਲਾ ਆਓ ਸਿਆਣੇ ਬਣੀਏ ਅਤੇ ਗੁਰੂ ਸਾਹਿਬਾਨਾਂ ਦੀ ਅਤੇ ਸਾਡੇ ਪੁਰਖਿਆਂ ਦੀਆਂ ਕਹੀਆਂ ਗੱਲਾਂ ਦੀ ਕਦਰ ਕਰੀਏ ਅਤੇ ਉਹਨਾਂ ਨੂੰ ਆਪਣੀ ਜ਼ਿੰਦਗੀ ਵਿੱਚ ਢਾਲੀਏ।

. ਮੌਕੇ ਦੀਆਂ ਸਰਕਾਰਾਂ ਨੇ ਸਾਨੂੰ ਆਪਣੇ ਲਈ ਵੋਟ ਬੈਂਕ ਵਜੋਂ ਵਰਤਿਆ ਹੈ ਅਤੇ ਸਾਡੀ ਹਾਲਤ ਪਾਣੀ ਤੋਂ ਪਤਲੀ ਹੋਈ ਪਈ ਹੈ ਸਰਕਾਰ ਨੇ ਭਾਰਤੀ ਸੰਵਿਧਾਨ ਨੂੰ ਬਦਲਣ ਲਈ ਤਿਆਰੀਆਂ ਕੀਤੀਆਂ ਹੋਈਆਂ ਸਾਡੇ ਤੋਂ ਸਿਖਿਆ, ਸਿਹਤ ਅਤੇ ਸਰਕਾਰੀ ਨੌਂਕਰੀਆਂ ਅਤੇ ਰੁਜ਼ਗਾਰ ਖੋਹਿਆ ਜਾ ਰਿਹਾ ਹੈ ਪ੍ਰੰਤੂ ਅਸੀਂ ਕੁੰਭ ਕਰਨੀ ਨੀਂਦ ਸੁੱਤੇ ਹੋਏ ਹਾਂ ਸੋ ਆਓ ਇਸ ਸਾਲ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਤੇ ਪ੍ਰਣ ਕਰੀਏ ਕਿ ਅਸੀਂ ਆਪਣੇ ਖੋਏ ਹੋਏ ਪੁਰਾਤਨ ਇਤਿਹਾਸ ਨੂੰ ਪੜਾਂਗੇ ਅਤੇ ਮਾਣ ਸਨਮਾਨ ਦੀ ਜ਼ਿੰਦਗੀ ਪਾਉਣ ਲਈ ਆਪਣਾ ਖੋਇਆ ਹੋਇਆ ਰਾਜ ਪ੍ਰਾਪਤ ਕਰਨ ਲਈ ਸਾਰਾ ਤਾਣ ਲਗਾ ਦੇਵਾਂਗੇ ਤਾਂ ਹੀ ਸਾਡਾ ਤੇ ਆਉਣ ਵਾਲੀਆਂ ਪੀੜੀਆਂ ਦਾ ਪਾਰ ਉਤਾਰਾ ਹੋ ਸਕਦਾ ਹੈ।

ਸਾਰੇ ਕਰ ਲਓ ਏਕਾ ਜੇ ਬੇਗਮਪੁਰਾ ਵਸਾਉਣਾਂ ਆਂ

ਮੌਜੂਦਾ ਸਮੇ ਦੀਆਂ ਬਹੁਜਨ ਸਮਾਜ ਨੂੰ ਚੁਣੌਤੀਆਂ ਦਾ ਸਾਹਮਣਾ ਕਿਵੇਂ ਕਰਨਾ ਹੈ ਵਾਰੇ ਵਿਚਾਰਾਂ ਵੀ ਕੀਤੀਆਂ ਜਾਣ।

ਸਭ ਤੋਂ ਵੱਧ ਆਪਣੇ ਗੁਰੂ ਘਰਾਂ ਵਿੱਚ ਯੁੱਗਪੁਰਸ਼ ਬਾਬਾ ਸਾਹਿਬ ਡਾਕਟਰ ਬੀਮ ਰਾਓ ਅੰਬੇਦਕਰ ਜੀ ਮਹਾਰਿਸ਼ੀ ਬਾਲਮੀਕੀ ਜੀ ਕੀ ਦੀਆਂ ਜੀਵਨੀਆਂ ਵਾਰੇ ਜਾਗਰੂਕ ਹੋਈਏ।

ਇਕੱਲੀਆਂ ਪਰਭਾਤ ਫੇਰੀਆਂ ਨਾਲ ਕੰਮ ਨਹੀਂ ਸਰਨਾ ਮੁਸਲਮਾਨ ਭਾਈਚਾਰੇ ਤੋਂ ਬਾਅਦ ਜਟ ਭਾਈਚਾਰਾ ਅਤੇ ਇਸ ਤੋਂ ਬਾਅਦ ਮੂਲਨਵਾਸੀ ਨਿਸ਼ਾਨੇ ਤੇ ਹਨ।

ਡੂਬੇਗੀ ਕਿਸ਼ਤੀ ਤੋ ਡੂਬੇਗੇ ਸਾਰੇ ਨਾ ਹਮ ਹੀ ਬਚੇਂਗੇ ਨਾ ਸਾਥੀ ਹਮਾਰੇ।ਸਿਆਣੇ ਬਣੀਏ ਸਮਾਂ ਰਹਿੰਦੇ ਆਪਣੇ ਬੱਚਿਆਂ ਨੂੰ ਵੋਟ ਕਿਵੇਂ ਅਤੇ ਕਿਸ ਨੂੰ ਪਾਉਣੀ ਹੈ ਵਿਚਾਰਾਂ ਕਰੀਏ ਸਾਨੂੰ ਸਭ ਨੂੰ ਪਤਾ ਹੈ ਕਿ ਭਾਰਤ ਵਿੱਚ ਸਿਰਫ ਬਹੁਜਨ ਸਮਾਜ ਪਾਰਟੀ ਇੱਕੋ ਇੱਕ ਪਾਰਟੀ ਹੈ ਜੋ ਉੱਤਰ ਪ੍ਰਦੇਸ਼ ਦੀ ਤਰਜ ਤੇ ਗਰੀਬਾਂ ਦੀ ਦਸ਼ਾ ਅਤੇ ਦਿਸ਼ਾ ਬਦਲ ਸਕਦੀ ਬਸਪਾ ਲਿਆਓ ਬੇਗਮਪੁਰਾ ਵਸਾਓ.

**-ਡਾਕਟਰ ਜਗਜੀਵਨ ਸਿੰਘ ਸ਼ੇਰਪੁਰ**

ਭਾਈ ਗੁਰਸੇਵਕ ਸਿੰਘ ਤਬਲਾਵਾਦਕ ਦੇ ਅਚਨਚੇਤ ਅਕਾਲ ਚਲਾਣੇ 'ਤੇ

# ਸ਼੍ਰੋਮਣੀ ਰਾਗੀ ਸਭਾ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ



ਨਵੀਂ ਦਿੱਲੀ 30 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਪ੍ਰਸਿੱਧ ਤਬਲਾਵਾਦਕ ਭਾਈ ਗੁਰਸੇਵਕ ਸਿੰਘ ਬੀਤੇ ਦਿਨੀਂ ਇਕ ਭਿਆਨਕ ਸੜਕ ਦੁਰਘਟਨਾ ਨਾਲ ਅਕਾਲ ਚਲਾਣਾ ਕਰ ਗਏ ।ਖ਼ਬਰ ਦਾ ਪਤਾ ਲਗਦਿਆ ਹੀ ਸੋਗ ਦੀ ਲਹਿਰ ਫੈਲ ਗਈ ।ਸ਼੍ਰੋਮਣੀ ਰਾਗੀ ਸਭਾ ਸ੍ਰੀ ਅੰਮ੍ਰਿਤਸਰ ਵਲੋਂ ਇਸ ਅਚਨਚੇਤ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ ਹੈ ।ਭਾਈ ਮਨਿੰਦਰ ਸਿੰਘ ਜੀ ਹਜ਼ੂਰੀ ਰਾਗੀ ਨੇ ਦਸਿਆ ਕਿ ਭਾਈ ਗੁਰਸੇਵਕ ਸਿੰਘ ਜਿਨ੍ਹਾਂ ਬਹੁਤ ਛੋਟੀ ਉਮਰ ਵਿਚ ਹੀ ਤਬਲਾ ਵਜਾਣ ਵਿਚ ਮੁਹਾਰਤ ਹਾਸਿਲ ਕਰ ਲਈ ਸੀ ਓਹ ਦੂਸਰਿਆ ਲਈ ਇਕ ਪਰੇਨਾਦਾਇਕ ਸੀ ਅਤੇ ਉਨ੍ਹਾਂ ਦੇ ਅਤਿ ਮਿਠਬੋਲੜੇ ਸੁਭਾਅ ਕਰਕੇ ਸੰਗਤ ਉਨ੍ਹਾਂ ਨੂੰ ਪਿਆਰ ਨਾਲ ਸੰਤ ਜੀ ਕਹਿ ਕੇ ਬੁਲਾਉਂਦੀ ਹੁੰਦੀ ਸੀ ।ਉਨ੍ਹਾਂ ਦਸਿਆ ਭਾਈ ਸਾਹਿਬ ਜੀ ਨੇ ਪੰਥ ਪ੍ਰਸਿੱਧ ਰਾਗੀ ਜਥੇਆਂ ਨਾਲ ਕੀਰਤਨੀ ਹਾਜ਼ਿਰੀ ਦੌਰਾਨ ਜੋੜੀ ਦੀ ਸੇਵਾ ਨਿਭਾਈ ਸੀ ।ਇਥੇ ਦਸਣਯੋਗ ਹੈ ਕਿ ਭਾਈ ਗੁਰਸੇਵਕ ਸਿੰਘ ਜੀ ਆਪ ਗੱਡੀ ਚਲਾਂਦੇ ਹੋਏ ਬਠਿੰਡੇ ਤੋਂ ਮਲੋਟ ਜਾ ਰਹੇ ਸਨ ਤੇ ਮਲੋਟ ਤੋਂ ਬਠਿੰਡੇ ਜਾ ਰਹੀ ਇਕ ਗੱਡੀ ਵਲੋਂ ਸੜਕ ਵਿਚ ਬਣਿਆ ਡੀਵਾਇਡਰ ਤੋੜਦਿਆ ਇੰਨ੍ਹਾ ਦੀ ਗੱਡੀ ਨਾਲ ਟੱਕਰ ਮਾਰ ਦਿੱਤੀ ਜਿਸ ਨਾਲ ਭਾਈ ਸਾਹਿਬ ਗੰਭੀਰ ਰੂਪ ਵਿਚ ਜਖਮੀ ਹੋ ਗਏ ਸਨ ਉਪਰੰਤ ਹਸਪਤਾਲ ਵਿਚ ਇਲਾਜ ਦੌਰਾਨ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ। ਸ਼੍ਰੋਮਣੀ ਰਾਗੀ ਸਭਾ ਦੇ ਪ੍ਰਧਾਨ ਭਾਈ ਉਂਕਾਰ ਸਿੰਘ ਜੀ ਅਤੇ ਮੈਂਬਰ ਭਾਈ ਸਤਿੰਦਰਬੀਰ ਸਿੰਘ ਜੀ, ਭਾਈ ਸਤਨਾਮ ਸਿੰਘ ਜੀ ਕੋਹਾੜਕਾ, ਭਾਈ ਲਖਵਿੰਦਰ ਸਿੰਘ ਜੀ, ਭਾਈ ਕਰਨੈਲ ਸਿੰਘ ਜੀ, ਭਾਈ ਕਾਰਜ ਸਿੰਘ ਜੀ ਅਤੇ ਹੋਰ ਬਹੁਤ ਸਾਰੇ ਰਾਗੀ ਸਿੰਘਾਂ ਨੇ ਕਿਹਾ ਪਰਮਾਤਮਾ ਅੱਗੇ ਕਿਸੇ ਜੋਰ ਨਹੀਂ ਚਲਦਾ ਹੈ, ਭਾਈ ਗੁਰਸੇਵਕ ਸਿੰਘ ਕਿਸੇ ਪਛਾਣ ਦੇ ਮੁਹਤਾਜ ਨਹੀਂ ਸਨ ਓਹ ਬਹੁਤ ਸੁਚੱਜੇ ਤਬਲਾਵਾਦਕ ਸਨ, ਗੁਰੂ ਸਾਹਿਬ ਭਾਈ ਸਾਹਿਬ ਜੀ ਨੂੰ ਆਪਣੇ ਚਰਨਾਂ ਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਇਹ ਅਸਿਹ ਦੁੱਖ ਸਹਿਣ ਕਰਣ ਦਾ ਬਲ ਦੇਣ।

# ਸਰਦਾਰ ਕੁਲਵੰਤ ਸਿੰਘ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਗੁਰਦੁਆਰਾ ਰਕਾਬਗੰਜ ਸਾਹਿਬ ਦੇ ਕੋ ਚੇਅਰਮੈਨ ਨਿਯੁਕਤ



ਨਵੀਂ ਦਿੱਲੀ, 30 ਜਨਵਰੀ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਕਮੇਟੀ ਦੀ ਟੀਮ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਣੀ ਗਾਰਡਨ ਦੇ ਮੁੱਖ ਸੇਵਾਦਾਰ ਸਰਦਾਰ ਕੁਲਵੰਤ ਸਿੰਘ ਨੂੰ ਗੁਰਦੁਆਰਾ ਰਕਾਬਗੰਜ ਸਾਹਿਬ ਦਾ ਕੋ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਕਮੇਟੀ ਦੇ ਸੀਨੀਅਰ ਮੈਂਬਰ ਸਰਦਾਰ ਸੁਖਵਿੰਦਰ ਸਿੰਘ ਬੱਬਰ ਦੀ ਅਗਵਾਈ ਹੇਠ ਉਹਨਾਂ ਨੇ ਆਪਣਾ ਅਹੁਦਾ ਸੰਭਾਲਿਆ। ਇਸ ਮੌਕੇ ਸਰਦਾਰ ਸੁਖਵਿੰਦਰ ਸਿੰਘ ਬੱਬਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਦਾਰ ਕੁਲਵੰਤ ਸਿੰਘ ਦਾ ਕੋ ਚੇਅਰਮੈਨ ਬਣਨਾ ਸਮੁੱਚੀ ਕੌਮ ਲਈ ਮਾਣ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਸਰਦਾਰ ਕੁਲਵੰਤ ਸਿੰਘ ਨੇ ਬਤੌਰ ਪ੍ਰਧਾਨ ਸਿੰਘਸਭਾ ਗੁਰਦੁਆਰਾ ਰਾਣੀ ਬਾਗ ਸਮੁੱਚੀਆਂ ਸਿੱਖ ਸੰਗਤਾਂ ਦੀ ਵੱਡੀ ਸੇਵਾ ਕੀਤੀ ਹੈ ਤੇ ਇਸਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ। ਇਸ ਮੌਕੇ ਸਰਦਾਰ ਕੁਲਵੰਤ ਸਿੰਘ ਨੇ ਇਸ ਸੇਵਾ ਲਈ ਸਰਦਾਰ ਕਾਲਕਾ, ਸਰਦਾਰ ਕਾਹਲੋਂ ਤੇ ਸਰਦਾਰ ਬੱਬਰ ਦਾ ਧੰਨਵਾਦ ਕਰਦਿਆਂ ਭਰੋਸਾ ਦੁਆਇਆ ਕਿ ਉਹ ਸਿੱਖ ਕੌਮ ਵਾਸਤੇ ਪੂਰੇ ਸਮਰਪਣ ਨਾਲ ਆਪਣੀਆਂ ਸੇਵਾਵਾਂ ਦਿੰਦੇ ਰਹਿਣਗੇ ਤੇ ਗੁਰਮੁੱਖੀ ਤੇ ਗੁਰਸਿੱਖੀ ਜੀਵਨ ਜਾਚ ਨਾਲ ਭਵਿੱਖੀ ਪੀੜੀ ਨੂੰ ਜੋੜਨ ਵਾਸਤੇ ਪੂਰੇ ਉਪਰਾਲੇ ਕਰਨਗੇ।

# ਨਸ਼ਾ ਨਾ ਸਿਰਫ਼ ਸਿਹਤ ਨੂੰ ਸਗੋਂ ਸਮਾਜਿਕ ਤਾਣੇ-ਬਾਣੇ ਨੂੰ ਵੀ ਤਬਾਹ ਕਰਦੈ : ਜਸਵੰਤ ਸਿੰਘ ਹਰਪੁਰਾ ਯੂਐਸਏ

**ਚੰਡੀਗੜ੍ਹ ( ਰਣਜੀਤ ਸਿੰਘ ਪੇਧਨੀ )**-ਨਸ਼ਾ ਇਕ ਕੋੜ ਹੈ, ਜਿਸ ਨੂੰ ਜਿੰਨਾ ਜਲਦੀ ਛੱਡ ਦੇਣਗੇ ਨੌਜਵਾਨ ਉਣਾ ਹੀ ਉਣਾ ਲਈ ਚੰਗਾ ਹੈ। ਨਸ਼ਾ ਕਰਨ ਲੱਖਾਂ ਲੋਕਾ ਦੇ ਘਰ ਤਬਾਹ ਹੋ ਗਏ। ਪਰ ਨਸ਼ਾ ਖਤਮ ਹੋਣ ਦਾ ਨਾਮ ਨਹੀਂ ਲੈ ਰਿਹਾ ਜੋ ਇਕ ਚਿੰਤਾ ਦਾ ਵਿਸ਼ਾ ਹੈ। ਸਰਕਾਰ ਨਸ਼ਾ ਰੋਕਣ ਵਿੱਚ ਅਸਫਲ ਸਾਬਿਤ ਹੋ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ ਜਸਵੰਤ ਸਿੰਘ ਹਰਪੁਰਾ ਯੂਐਸਏ ਨੇ ਕੀਤਾ। ਉਨ੍ਹਾਂ ਕਿਹਾ ਕਿ ਨਸ਼ਾ ਇੱਕ ਸਮਾਜਿਕ ਬੁਰਾਈ ਹੈ। ਜੋ ਨੌਜਵਾਨਾਂ, ਪਰਿਵਾਰ ਅਤੇ ਸਮਾਜ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਹੀ ਹੈ। ਨਸ਼ੇ ਦੀ ਆੜ੍ਹ ਵਿਚਬਾ ਕੇ ਬਹੁਤ ਸਾਰੇ ਪਰਿਵਾਰ ਤਬਾਹ ਹੋ ਜਾਂਦੇ ਹਨ। ਨਸ਼ਾ ਤਬਾਹੀ ਦੀ ਜੜ੍ਹ ਹੈ, ਜੋ ਨਾ ਸਿਰਫ਼ ਸਿਹਤ ਨੂੰ ਤਬਾਹ ਕਰਦੀ ਹੈ ਬਲਕਿ ਸਮਾਜਿਕ ਤਾਣੇ-ਬਾਣੇ ਨੂੰ ਵੀ ਤਬਾਹ ਕਰ ਦਿੰਦੀ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਨੌਜਵਾਨਾਂ ਵਿੱਚ ਨਸ਼ੇ ਦੀ ਲਤ ਤੇਜ਼ੀ ਨਾਲ ਵੱਧ ਰਹੀ ਹੈ। ਨੌਜਵਾਨ ਦੇਸ਼ ਦਾ ਭਵਿੱਖ ਹਨ ਪੰਜਾਬ ਵਿੱਚ ਰੋਜਨਾ ਨਸ਼ੇ ਕਰਨ ਆਪਣੀ ਜਿੰਦਗੀ ਤੋਂ ਹੱਥ ਧੋ ਰਹੇ। ਸਰਕਾਰ ਨਸ਼ਾ ਰੋਕਣ ਦੇ ਨਾਮ ਤੇ ਸਿਰਫ ਤਾਂ ਸਿਰਫ ਡਰਮਾ ਕਰ ਰਹੀ ਹੈ।



# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਪੰਜਾਬ ਦੇ ਲੋਕਾਂ ਲਈ ਵਰਦਾਨ ਸਾਬਤ ਹੋਵੇਗੀ ਆਪ ਆਗੂ

**ਸੰਗਾਲਾ (ਰਣਜੀਤ ਸਿੰਘ ਪੇਧਨੀ )**-ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਲੋਕ ਭਲਾਈ ਲਈ ਕੀਤੇ ਵਾਅਦਿਆਂ ਅਨੁਸਾਰ ਨਵੀਆਂ ਯੋਜਨਾਵਾਂ ਲਗਾਤਾਰ ਲਾਗੂ ਕੀਤੀਆਂ ਜਾ ਰਹੀਆਂ ਹਨ। ਇਸੇ ਹੀ ਤਹਿਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਨਾਲ ਪੰਜਾਬ ਦੇ ਲੋਕ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਲਾਭ ਲੈ ਸਕਣਗੇ, ਇਸ ਯੋਜਨਾ ਨਾਲ ਜਿੱਥੇ ਸੂਬੇ ਨੂੰ ਤਰੱਕੀ ਦੀ ਨਵੀਂ ਦਿਸ਼ਾ ਮਿਲੇਗੀ ਉੱਥੇ ਇਹ ਯੋਜਨਾਂ ਪੰਜਾਬ ਦੇ ਲੋਕਾਂ ਲਈ ਵਰਦਾਨ ਸਾਬਤ ਹੋਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜਿਲ੍ਹਾ ਪ੍ਰੀਸ਼ਦ ਮੈਂਬਰ ਸਰਪੰਚ ਅੰਮ੍ਰਿਤ ਚਹਿਲ ਘਨੌਰੀ, ਸਰਪੰਚ ਜਗਸੀਰ ਸਿੰਘ ਜੱਗਾ ਭੋਜੋਵਾਲੀ ਪ੍ਰਧਾਨ ਪੰਚਾਇਤ ਯੂਨੀਅਨ ਧੂਰੀ, ਸਰਪੰਚ ਜਸਵੀਰ ਦਾਸ ਢਢੋਗਲ ਜਰਨਲ ਸਕੱਤਰ ਪੰਚਾਇਤ ਯੂਨੀਅਨ ਧੂਰੀ, ਸਰਪੰਚ ਦਵਿੰਦਰ ਸਿੰਘ ਧੂਰਾ, ਸਰਪੰਚ ਲਾਲੀ ਬੰਗਾਵਾਲੀ, ਸਰਪੰਚ ਰਾਜੂ ਬਰੜਵਾਲ, ਸਰਪੰਚ ਗੋਪਾਲ ਕ੍ਰਿਸਨ ਬੇਨੜਾ ਅਤੇ ਸਰਪੰਚ ਹਰਪ੍ਰੀਤ ਸਿੰਘ ਖੇੜੀ ਜੱਟ ਨੇ ਕੀਤਾ।ਆਗੂਆਂ ਨੇ ਕਿਹਾ ਕਿ ਇਹ ਯੋਜਨਾ ਪੰਜਾਬ ਦੇ ਲੋਕਾਂ ਲਈ ਵਰਦਾਨ ਸਾਬਤ ਹੋਵੇਗੀ, ਕਿਉਂਕਿ ਪਹਿਲਾਂ ਬਹੁਤ ਸਾਰੇ ਪਰਿਵਾਰ ਆਰਥਿਕ ਤੰਗੀ ਕਾਰਨ ਸਮੇਂ ਸਿਰ ਇਲਾਜ ਨਹੀਂ ਕਰਵਾ ਸਕਦੇ ਸਨ ਅਤੇ ਇਲਾਜ ਦੀ ਕਮੀ ਕਾਰਨ ਕਈ ਵਾਰ ਕੀਮਤੀ ਜਾਨਾਂ ਵੀ ਚਲੀ ਜਾਂਦੀਆਂ ਸਨ, ਪਰ ਹੁਣ ਇਸ ਯੋਜਨਾ ਨਾਲ ਕਿਸੇ ਵੀ ਪਰਿਵਾਰ ਨੂੰ ਇਹ ਦੁੱਖ ਨਹੀਂ ਸਹਿਣਾ ਪਵੇਗਾ ਅਤੇ ਨਾ ਹੀ ਲੋਕਾਂ ਨੂੰ ਇਲਾਜ ਲਈ ਕਰਜ਼ਾ ਲੈਣਾ ਜਾਂ ਇਲਾਜ ਲਈ ਜਮੀਨ ਵੇਚਣੀ ਨਹੀ ਪਵੇਗੀ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੇ ਲੋਕਾਂ ਦੇ ਅਸਲ ਦਰਦ ਨੂੰ ਸਮਝਿਆ ਹੈ ਅਤੇ ਉਸ ਦਰਦ ਨੂੰ ਦੂਰ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ।



### ਸੱਤਵੇਂ ਪਾਤਸ਼ਾਹ ਦੇ ਆਗਮਨ ਗੁਰਪੁਰਬ 'ਤੇ ਵਿਸ਼ੇਸ਼

# ਸਿਮਰੌ ਸ੍ਰੀ ਹਰਿ ਰਾਇ



**ਸਿੱਖ** ਇਤਿਹਾਸ ਵਿੱਚ ਧੰਨ ਗੁਰੂ ਨਾਨਕ ਦੇਵ ਜੀ ਦੇ ਸੱਤਵੇਂ ਸਰੂਪ ਸ੍ਰੀ ਗੁਰੂ ਹਰਿ ਰਾਇ ਸਾਹਿਬ ਬਾਰੇ ਇਕ ਸਾਖੀ ਆਮ ਪ੍ਰਚੱਲਿਤ ਹੈ ਕਿ ਆਪ ਆਪਣੇ ਸੁਭਾਅ ਮੁਤਾਬਕ ਹਰ ਰੋਜ਼ ਬਾਗ ਵਿੱਚ ਸੈਰ ਕਰਨ ਜਾਇਆ ਕਰਦੇ ਸਨ । ਸੈਰ ਕਰਨ ਸਮੇਂ ਆਪ ਆਮ ਤੌਰ 'ਤੇ ਖੁੱਲ੍ਹਾ ਤੇ ਲੰਮਾ ਚੋਲਾ ਪਹਿਨਦੇ ਸਨ, ਜਿਸ ਨੂੰ ਫ਼ਕੀਰ ਲੋਕ ਚੋਗਾ ਆਖਦੇ ਹਨ ।ਆਪ ਜੀ ਇਕ ਦਿਨ ਪ੍ਰਭੂ ਦੀ ਸਿਫ਼ਤ ਸਲਾਹ ਤੇ ਬੰਦਗੀ ਵਿੱਚ ਜੁੜੇ ਚਹਿਲਕਦਮੀ ਕਰ ਰਹੇ ਸਨ ਕਿ ਅਚਾਨਕ ਇਨ੍ਹਾਂ ਦੇ ਚੋਗੇ ਨਾਲ ਛੂਹ ਕੇ ਫੁੱਲਾਂ ਫਲਾਂ ਨਾਲ ਭਰੇ ਬਾਗ ਵਿੱਚੋਂ ਕੁਝ ਫੁੱਲ ਆਪਣੇ ਅਸਲ ਨਾਲੋਂ ਟੁੱਟ ਕੇ ਪੱਤੀ-ਪੱਤੀ ਹੋ ਗਏ । ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਦਾ ਕੋਮਲ ਹਿਰਦਾ, ਉਨ੍ਹਾਂ ਫੁੱਲਾਂ ਨੂੰ ਆਪਣੇ ਅਸਲ ਨਾਲੋਂ ਟੁੱਟਾ ਦੇਖ ਕੇ ਇਕ ਦਮ ਉਦਾਸੀ ਤੇ ਗ਼ਮ ਵਿੱਚ ਗ਼ਮਗੀਨ ਹੋ ਗਿਆ । ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਵੀ ਸੈਰ ਕਰਦਿਆਂ ਅਚਾਨਕ ਮੌਕੇ 'ਤੇ ਪਹੁੰਚ ਗਏ । ਗੁਰੂ ਹਰਿ ਰਾਇ ਸਾਹਿਬ ਨੂੰ ਡੂੰਘੀ ਸੋਚ ਵਿੱਚ ਡੁੱਬਿਆਂ ਦੇਖ ਕੇ ਪੁੱਛਣ ਲੱਗੇ ਕਿ ਇਨ੍ਹਾਂ ਫੁੱਲਾਂ ਨੂੰ ਆਪਣੇ ਅਸਲ ਨਾਲੋਂ ਕਿਸ ਨੇ ਵੱਖ ਕੀਤਾ ਹੈ ? ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਸਾਹਿਬ ਦਾ ਜਵਾਬ ਸੀ ਕਿ ਇਹ ਫੁੱਲ ਮੇਰੇ ਚੋਗੇ ਨਾਲ ਖਹਿ ਕੇ ਪੱਤੀ-ਪੱਤੀ ਹੋਏ ਹਨ ।ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਨੇ ਬਚਨ ਕੀਤਾ, ਜਦੋਂ ਵੀ ਸੰਸਾਰ ਰੂਪੀ ਬਾਗ ਵਿੱਚ ਵਿਚਰਨਾ ਹੈ ਤਾਂ ਆਪਾ ਸੰਭਾਲ ਕੇ ਰੱਖਣਾ ਹੈ । ਵੇਖਣਾ ਇਹ ਹੈ ਕਿ ਤੁਹਾਡੇ ਬਚਨਾਂ ਤੇ ਕਰਮਾਂ ਕਰਕੇ ਕਿਸੇ ਵੀ ਦੁਨਿਆਵੀਂ ਜੀਵ ਦੇ ਕੋਮਲ ਹਿਰਦੇ ਨੂੰ ਠੇਸ ਨਹੀਂ ਲੱਗਣੀ ਚਾਹੀਦੀ । ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੇ ਇਨ੍ਹਾਂ ਸਿੱਖਿਆ ਰੂਪੀ ਬਚਨਾਂ ਨੇ ਉਨ੍ਹਾਂ ਦੇ ਕੋਮਲ ਮਨ ਤੇ ਜੀਵਨ ਨੂੰ ਹਮੇਸ਼ਾ ਲਈ ਬਦਲ ਕੇ ਰੱਖ ਦਿੱਤਾ ।

-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ : 98143-24040



ਗੁਰੂ ਨਾਨਕ ਸਾਹਿਬ ਜੀ ਦੇ ਸੱਤਵੇਂ ਸਰੂਪ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਪ੍ਰਕਾਸ਼ 1630 ਈ: ਵਿੱਚ ਪਿਤਾ ਬਾਬਾ ਗੁਰਦਿੱਤਾ ਜੀ ਮਾਤਾ ਨਿਹਾਲ ਕੌਰ ਜੀ ਦੇ ਗ੍ਰਹਿ ਵਿਖੇ ਸ੍ਰੀ ਕੀਰਤਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਹੋਇਆ । ਬਾਬਾ ਗੁਰਦਿੱਤਾ ਜੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ, ਜਿਨ੍ਹਾਂ ਦੀ ਉੱਚ ਅਵਸਥਾ ਨੂੰ ਵੇਖਦਿਆਂ ਸ੍ਰੀ ਗੁਰੂ ਨਾਨਕ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਉਦਾਸੀ ਸੰਪਰਦਾ ਦੀ ਜ਼ਿੰਮੇਵਾਰੀ ਵੀ ਸੰਭਾਲ ਦਿੱਤੀ ਸੀ । ਗੁਰੂ ਹਰਿ ਰਾਇ ਸਾਹਿਬ ਆਪਣੇ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ । ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਸਮੇਂ, ਸਿੱਖਾਂ ਅਤੇ ਪੁੱਤਰਾਂ ਤੇ ਪੋਤਰਿਆਂ ਵਿੱਚੋਂ ਗੁਰੂ ਹਰਿ ਰਾਇ ਸਾਹਿਬ ਨੂੰ ਹੀ ਯੋਗ ਸਮਝਿਆ । ਮਾਰਚ, 1644 ਈ: ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਕੁਝ ਦਿਨ ਪਹਿਲਾਂ ਆਪਣੇ ਪੋਤਰੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਉੱਤੇ ਭਰੇ ਦੀਵਾਨ ਵਿੱਚ ਗੁਰਗੱਦੀ ਦਾ ਛਤਰ ਝੁਲਾ ਕੇ ਸਾਰੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਉਨ੍ਹਾਂ ਤਾਬਿਆ ਵਿੱਚ ਰਹਿਣ ਦਾ ਹੁਕਮ ਕੀਤਾ । ਨਾਲ ਹੀ ਗੁਰੂ ਨਾਨਕ ਸਾਹਿਬ ਦੇ ਸੱਤਵੇਂ ਸਰੂਪ ਹੋਣ ਦੇ ਬਚਨ ਦ੍ਰਿੜ ਕਰਵਾਏ । 14 ਸਾਲ ਦੀ ਉਮਰ ਵਿੱਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਗੱਦੀ 'ਤੇ ਬਿਰਾਜਮਾਨ ਹੋਏ । ਗੁਰੂ ਹਰਿ ਰਾਇ ਸਾਹਿਬ ਨੇ ਪੂਰੇ ਹਿੰਦੁਸਤਾਨ ਵਿੱਚ 360 ਗੱਦੀਆਂ ਕਾਇਮ ਕਰਕੇ ਸਿੱਖੀ ਦਾ ਪ੍ਰਚਾਰ ਕੀਤਾ । ਇਕ ਵੈਰਾਗੀ ਸਾਧੂ ਭਗਤ ਭਗਵਾਨ ਨੂੰ ਗੁਰੂ ਨਾਨਕ ਦੇ ਮਿਸ਼ਨ ਨੂੰ ਪ੍ਰਚਾਰਨ ਲਈ ਪ੍ਰੇਰਨਾ ਦਿੱਤੀ । ਜੋ ਆਪਣੇ ਸਮੇਂ ਦਾ ਵੱਡਾ ਪ੍ਰਚਾਰਕ ਹੋ ਨਿਬੜਿਆ । ਕੀਰਤਪੁਰ ਸਾਹਿਬ ਵਿਖੇ ਹੀ ਭਾਈ ਸੰਗਤੀਆ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ, ਇਸ ਦਾ ਨਵਾਂ ਨਾਂਅ ਭਾਈ ਫੇਰੂ ਰੱਖ ਕੇ ਦੁਆਬੇ ਵਿੱਚ ਪ੍ਰਚਾਰ ਲਈ ਭੇਜਿਆ । ਭਾਈ ਗੋਂਦੇ ਨੂੰ ਕਾਬਲ ਵਿੱਚ ਪ੍ਰਚਾਰ ਲਈ ਭੇਜਿਆ ।

ਨਗਾਰੇ ਦੀ ਨਵੀਂ ਪ੍ਰਥਾ ਵੀ ਗੁਰੂ ਹਰਿ ਰਾਇ ਸਾਹਿਬ ਨੇ ਹੀ ਆਰੰਭ ਕੀਤੀ । ਨਗਾਰਾ ਹੁਣ ਗੁਰੂ ਕੇ ਲੰਗਰ ਦੇ ਆਰੰਭ ਸਮੇਂ ਵੀ ਵੱਜਣ ਲੱਗਾ । ਪਹਿਲਾਂ ਨਗਾਰਾ ਕੇਵਲ ਜੰਗ ਦੇ ਆਰੰਭ ਦਾ ਪ੍ਰਤੀਕ ਸੀ । ਗੁਰੂ ਸਾਹਿਬ ਨੇ ਸਿੱਖੀ ਨੂੰ ਵਿਰਸੇ ਵਿੱਚ ਮਿਲੀ ਸੰਗਤ ਤੇ ਪੰਗਤ ਦੀ ਰੀਤ ਨੂੰ ਨਵਾਂ ਰੂਪ ਦਿੱਤਾ । ਜਦੋਂ ਸ਼ਾਹ ਜਹਾਨ ਦੇ ਪੁੱਤਰਾਂ ਵਿੱਚ ਰਾਜ ਗੱਦੀ ਲਈ ਆਪਸੀ ਜੰਗ ਛਿੜੀ ਤਾਂ ਦਾਰ ਸ਼ਿਕੋਹ ਗੁਰੂ ਸਾਹਿਬ ਦੀ ਸ਼ਰਨ ਵਿੱਚ ਆਇਆ । ਗੁਰੂ ਸਾਹਿਬ ਨੇ ਮਾਨਵੀ ਰਿਸ਼ਤੇ ਦੇ ਨਾਤੇ ਦਾਰਾ ਦੀ ਜਿੰਨੀ ਵੀ ਹੋ ਸਕੀ ਮਦਦ ਕੀਤੀ । ਗੁਰੂ ਸਾਹਿਬ ਨਾਲ ਹਰ ਸਮੇਂ 2200 ਘੋੜ ਸਵਾਰ ਤਿਆਰ-ਬਰ-ਤਿਆਰ ਰਹਿੰਦੇ ਸਨ । ਵਾਹਿਗੁਰੂ ਅੱਗੇ ਅਰਦਾਸ ਨੂੰ ਖਲੋ ਕੇ ਕਰਨ ਦੀ ਮਰਿਯਾਦਾ ਨੂੰ ਵੀ ਕਾਇਮ ਕੀਤਾ । ਅੱਜ ਵੀ ਗੁਰੂ ਨਾਨਕ ਸਾਹਿਬ ਦੇ ਸੱਤਵੇਂ ਸਰੂਪ ਗੁਰੂ ਹਰਿ ਰਾਇ ਸਾਹਿਬ ਦਾ ਸਮੁੱਚਾ ਜੀਵਨ ਮਨੁੱਖਤਾ ਲਈ ਪੱਥ-ਪ੍ਰਦਰਸ਼ਨ ਹੈ । ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਸੱਤਵੇਂ ਪਾਤਸ਼ਾਹ ਦੇ ਸੰਪਰਕ ਵਿੱਚ ਆਉਣ ਵਾਲਾ ਹਰ ਰਾਜਾ ਤੇ ਰੰਕ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਇਸ ਵਾਰਸ ਤੋਂ ਇਨਸਾਨੀਅਤ ਦੇ ਭਲੇ ਦਾ ਅਜਿਹਾ ਸੁਨੇਹਾ ਲੈ ਕੇ ਗਿਆ ਜਿਸ ਸਦਕਾ ਗੁਰੂ-ਘਰ ਦੀ ਆਭਾ ਤੇ ਸ਼ੋਭਾ ਵਿੱਚ ਸਲਾਹੁਣ ਯੋਗ ਵਾਧਾ ਹੋਇਆ । ਕੋਮਲਤਾ, ਸੁਹਜ, ਸਹਿਜ ਤੇ ਦ੍ਰਿੜ੍ਹਤਾ ਵਰਗੇ ਗੁਣ ਗੁਰੂ ਹਰਿ ਰਾਇ ਸਾਹਿਬ ਦੇ ਜੀਵਨ ਦਾ ਸ਼ਿੰਗਾਰ ਸਨ । ਪੁੱਤਰ ਮੋਹ ਛੱਡ ਕੇ ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਅੱਠਵੇਂ ਵਾਰਿਸ ਦੀ ਚੋਣ ਕਰਨੀ ਸੰਸਾਰੀ ਲੋਕਾਂ ਲਈ ਇਕ ਵਿਲੱਖਣ ਘਟਨਾ ਹੈ । ਗੁਰੂ ਹਰਿ ਰਾਇ ਸਾਹਿਬ ਦਾ ਜੀਵਨ ਸਮੁੱਚੇ ਸੰਸਾਰ ਲਈ ਪ੍ਰੇਰਨਾ ਦਾ ਸਰੋਤ ਹੈ।

### ਭਾਰਤ-ਈਯੂ ਮੁਕਤ ਵਪਾਰ ਸਮਝੌਤੇ ਨੂੰ ਕਿਸਾਨਾਂ ਲਈ

# ਵਿਨਾਸ਼ਕਾਰੀ ਦਸਦਿਆਂ ਕੀਤਾ ਰੱਦ: ਸੰਯੁਕਤ ਕਿਸਾਨ ਮੋਰਚਾ


**ਨਵੀਂ ਦਿੱਲੀ**, 30 **ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਐਸਕੇਐਮ ਨੇ 27 ਜਨਵਰੀ 2026 ਨੂੰ ਹੈਦਰਾਬਾਦ ਹਾਊਸ, ਨਵੀਂ ਦਿੱਲੀ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਵਿੱਚ ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਦੁਆਰਾ ਦਸਤਖਤ ਕੀਤੇ ਗਏ ਭਾਰਤ-ਯੂਰਪੀਅਨ ਯੂਨੀਅਨ ਮੁਕਤ ਵਪਾਰ ਸਮਝੌਤੇ (ਐਫਟੀਏ) 2026 ਦੀ ਸਖ਼ਤ ਆਲੋਚਨਾ ਕੀਤੀ। ਹਸਤਾਖਰ ਕੀਤਾ ਗਿਆ ਸਮਝੌਤਾ ਇੱਕ ਨਿਰਪੱਖ ਵਪਾਰ ਸੌਦਾ ਨਹੀਂ ਹੈ ਬਲਕਿ ਇੱਕ ਆਰਥਿਕ ਬਸਤੀਵਾਦ ਬਲੂਪ੍ਰਿੰਟ ਹੈ ਜਿਸਦਾ ਉਦੇਸ਼ ਵਿਸ਼ਾਲ ਭਾਰਤੀ ਬਾਜ਼ਾਰ 'ਤੇ ਯੋਜਨਾਬੱਧ ਕਾਰਪੋਰੇਟ ਕਬਜ਼ਾ, ਘਰੇਲੂ ਖੇਤੀਬਾੜੀ ਅਤੇ ਉਦਯੋਗ ਨੂੰ ਖਤਮ ਕਰਨਾ, ਅਤੇ ਭਾਰਤ ਵਿੱਚ ਰੁਜ਼ਗਾਰ ਦੇ ਮੌਕੇ ਬਰਬਾਦ ਕਰਨਾ ਹੈ । ਭਾਰਤ ਸਰਕਾਰ ਨੇ ਜੈਤੂਨ ਦੇ ਤੇਲ, ਮਾਰਜਰੀਨ ਅਤੇ ਹੋਰ ਬਨਸਪਤੀ ਤੇਲ, ਫਲਾਂ ਦੇ ਜੂਸ ਅਤੇ ਗੈਰ-ਅਲਕੋਹਲ ਵਾਲੀ ਬੀਅਰ, ਪ੍ਰੋਸੈਸਡ ਭੋਜਨ (ਬ੍ਰੈੱਡ, ਪੇਸਟਰੀ, ਬਿਸਕੁਟ, ਪਾਸਤਾ, ਚਾਕਲੇਟ, ਪਾਲਤੂ ਜਾਨਵਰਾਂ ਦਾ ਭੋਜਨ), ਭੇਡਾਂ ਦੇ ਮਾਸ 'ਤੇ ਆਯਾਤ ਡਿਊਟੀ ਨੂੰ ਪੂਰੀ ਤਰ੍ਹਾਂ ਖਤਮ ਕਰਨ ਅਤੇ ਵਾਈਨ 'ਤੇ ਆਯਾਤ ਡਿਊਟੀ ਨੂੰ 150% ਤੋਂ ਘਟਾ ਕੇ 20% ਅਤੇ 30%, ਸਪਿਰਿਟ ਨੂੰ 150% ਤੋਂ ਘਟਾ ਕੇ 40%, ਬੀਅਰ ਨੂੰ 110% ਤੋਂ ਘਟਾ ਕੇ 50%, ਕੀਵੀ ਅਤੇ ਨਾਸ਼ਪਾਤੀ ਨੂੰ 33% ਤੋਂ ਘਟਾ ਕੇ 10%, ਅਤੇ ਸੌਸੇਜ ਅਤੇ ਹੋਰ ਮੀਟ ਤਿਆਰੀਆਂ ਨੂੰ 110% ਤੋਂ ਘਟਾ ਕੇ 50% ਕਰਨ ਲਈ ਸਹਿਮਤੀ ਦਿੱਤੀ ਹੈ। ਹਾਲਾਂਕਿ ਖੇਤੀਬਾੜੀ ਖੇਤਰ ਓਨਾ ਖੁੱਲ੍ਹਾ ਨਹੀਂ ਹੈ ਜਿੰਨਾ ਭਾਰਤ ਸਰਕਾਰ ਨੇ ਦਾਅਵਾ ਕੀਤਾ ਹੈ, ਪਰ ਪ੍ਰੋਸੈਸਡ ਫੂਡ ਮਾਰਕੀਟ ਦੇ ਖੁੱਲ੍ਹਣ ਨਾਲ ਘਰੇਲੂ ਖੇਤੀਬਾੜੀ ਉਤਪਾਦਨ ਅਤੇ ਛੋਟੇ ਕਿਸਾਨਾਂ 'ਤੇ ਵੱਡਾ ਅਤੇ ਵਿਨਾਸ਼ਕਾਰੀ ਪ੍ਰਭਾਵ ਪਵੇਗਾ।



ਦੂਜੇ ਪਾਸੇ, ਗੋਇਲ ਅਤੇ ਮੋਦੀ ਨੇ ਭਾਰਤ ਤੋਂ ਅੰਗੂਰ ਅਤੇ ਅੰਬ ਵਰਗੇ ਖੇਤੀਬਾੜੀ ਨਿਰਯਾਤ ਨੂੰ ਰੋਕਣ ਲਈ ਆਪਣੇ ਗੁੰਝਲਦਾਰ, ਮਹਿੰਗੇ ਸੈਨੇਟਰੀ ਅਤੇ ਫਾਈਟੋਸੈਨੇਟਰੀ ਰੁਕਾਵਟਾਂ ਨੂੰ ਬਣਾਈ ਰੱਖਣ ਲਈ ਯੂਰੋਪ ਦੇ ਦਬਾਅ ਅੱਗੇ ਝੁਕ ਗਏ ਹਨ, ਜਦੋਂ ਕਿ ਐਫਟੀਏ ਦੀ ਵਰਤੋਂ ਭਾਰਤ ਦੇ ਆਪਣੇ ਮਿਆਰਾਂ ਨੂੰ ਕਮਜ਼ੋਰ ਕਰਨ ਲਈ ਕੀਤੀ ਜਾਂਦੀ ਹੈ ਤਾਂ ਜੋ ਉਨ੍ਹਾਂ ਦੇ ਉਤਪਾਦਾਂ ਦੇ ਦਾਖਲੇ ਨੂੰ ਆਸਾਨ ਬਣਾਇਆ ਜਾ ਸਕੇ। ਇਹ ਦੋਹਰਾ ਮਾਪਦੰਡ ਯੂਰੋਪ ਕਿਸਾਨਾਂ ਦੀ ਰੱਖਿਆ ਕਰਦਾ ਹੈ ਜਦੋਂ ਕਿ ਸਾਡੇ ਖੇਤਾਂ ਅਤੇ ਖਪਤਕਾਰਾਂ ਨੂੰ ਅਨੁਚਿਤ ਅਤੇ ਅਸੁਰੱਖਿਅਤ ਮੁਕਾਬਲੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸੌਦੇ ਤੋਂ ਬਾਅਦ ਵੀ ਅੰਗੂਰ, ਸੇਬ, ਅੰਬ ਅਤੇ ਹੋਰ ਉਤਪਾਦਕਾਂ ਦੀ ਸਖ਼ਤ ਅਸਵੀਕਾਰ ਵਾਰ-ਵਾਰ ਜਾਰੀ ਰਹੇਗੀ। ਅਜਿਹੀ ਪ੍ਰਣਾਲੀ ਵਿੱਚ ਦਾਖਲਾ ਕਿਸਾਨਾਂ ਦੇ ਹਿੱਤਾਂ ਨਾਲ ਵਿਸ਼ਵਾਸਘਾਤ ਹੈ। ਯੂਰੋਪ ਦੇ ਨੇਤਾ ਮਾਣ ਨਾਲ ਕਹਿੰਦੇ ਹਨ ਕਿ ਇਹ ਐਫਟੀਏ ਭਾਰਤ ਦੁਆਰਾ ਦਿੱਤਾ ਗਿਆ ਸਭ ਤੋਂ ਵੱਡਾ ਵਪਾਰਕ ਉਦਘਾਟਨ ਪ੍ਰਦਾਨ ਕਰਦਾ ਹੈ। ਖੇਤੀਬਾੜੀ ਲਈ, ਇਸਦਾ ਮਤਲਬ ਹੈ ਕਿ ਸਬਸਿਡੀ ਵਾਲੇ ਯੂਰੋਪ ਡੇਅਰੀ, ਪ੍ਰੋਸੈਸਡ ਭੋਜਨ, ਵਾਈਨ ਅਤੇ ਸਪਿਰਿਟ ਦੇ ਪ੍ਰਤੀ ਸਾਲ 4 ਬਿਲੀਅਨ ਲਈ ਫਲੱਡ ਗੇਟ ਖੁੱਲ੍ਹਣਗੇ। ਯੂਰੋਪ ਦੀ ਸਾਂਝੀ ਖੇਤੀਬਾੜੀ ਨੀਤੀ (ਕੈਪ) ਵਿਸ਼ਾਲ, ਵਿਗਾੜਨ ਵਾਲੀਆਂ ਸਬਸਿਡੀਆਂ ਪ੍ਰਦਾਨ ਕਰਦੀ ਹੈ ਜੋ ਸਾਡੇ ਕਿਸਾਨ ਕਦੇ ਵੀ ਮੇਲ ਨਹੀਂ ਖਾਂਦੇ। 96.6% ਯੂਰਪੀ ਸੰਘ ਦੇ ਸਾਮਾਨਾਂ 'ਤੇ ਟੈਰਿਫ ਖਤਮ ਕਰਨ ਨਾਲ ਸਸਤੇ ਆਯਾਤ ਦਾ ਭਾਰੀ ਮੀਂਹ ਪਵੇਗਾ, ਖੇਤੀਬਾੜੀ ਉਤਪਾਦਾਂ ਦੀ ਅੰਤਰਰਾਸ਼ਟਰੀ ਕੀਮਤ 'ਤੇ ਅਸਰ ਪਵੇਗਾ ਜਿਸ ਨਾਲ ਘਰੇਲੂ ਕੀਮਤਾਂ ਡਿੱਗਣਗੀਆਂ ਅਤੇ ਦਾਲਾਂ ਅਤੇ ਖਾਣ ਵਾਲੇ ਤੇਲਾਂ ਨਾਲ ਵੇਖੀਆਂ ਗਈਆਂ ਆਫ਼ਤਾਂ ਦੁਹਰਾਈਆਂ ਜਾਣਗੀਆਂ। ਇਹ ਮੁਕਾਬਲਾ ਨਹੀਂ ਹੈ; ਇਹ ਭਾਰਤ ਦੇ ਛੋਟੇ ਕਿਸਾਨਾਂ ਵਿਰੁੱਧ ਆਰਥਿਕ ਯੁੱਧ ਹੈ। ਮੋਦੀ ਭਾਰਤ ਨੂੰ "ਲੋਕਤੰਤਰ ਦੀ ਮਾਂ" ਵਜੋਂ ਦਾਅਵਾ ਕਰਦੇ ਹਨ, ਪਰ ਭਾਰਤੀ ਸੰਸਦ ਵੱਲੋਂ ਉਸ ਸਮਝੌਤੇ 'ਤੇ ਚਰਚਾ ਨਾ ਕਰਨਾ ਹਾਸੋਹੀਣਾ ਹੈ ਜਿਸਦਾ ਲੋਕਾਂ ਅਤੇ ਆਰਥਿਕਤਾ 'ਤੇ ਲੰਬੇ ਸਮੇਂ ਲਈ ਪ੍ਰਭਾਵ ਪਵੇਗਾ। ਐਸਕੇਐਮ ਪ੍ਰਧਾਨ ਮੰਤਰੀ ਤੋਂ ਮੰਗ ਕਰਦਾ ਹੈ ਕਿ ਉਹ ਭਾਰਤ-ਯੂਰੋਪ ਸੌਦੇ ਬਾਰੇ ਹਰ ਗੱਲਬਾਤ ਦਸਤਾਵੇਜ਼ ਨੂੰ ਜਨਤਕ ਖੇਤਰ ਵਿੱਚ ਪੇਸ਼ ਕਰਨ ਅਤੇ ਇਸਨੂੰ ਸੰਸਦ ਵਿੱਚ ਬਹਿਸ ਰਾਹੀਂ ਜਵਾਬਦੇਹ ਬਣਾਇਆ ਜਾਵੇ। ਐਸਕੇਐਮ ਕਿਸਾਨਾਂ ਨੂੰ ਲਾਮਬੰਦ ਕਰਨਾ ਅਤੇ ਐਨਡੀਏ ਸਰਕਾਰ ਦੇ ਯੂਰਪੀਅਨ ਕਾਰਪੋਰੇਟ ਹਿੱਤਾਂ ਅੱਗੇ ਸਮਰਪਣ ਦਾ ਵਿਰੋਧ ਕਰਨ ਲਈ ਵਰਕਰਾਂ ਨਾਲ ਹੱਥ ਮਿਲਾਉਣਾ ਜਾਰੀ ਰੱਖੇਗਾ। ਐਸਕੇਐਮ ਕਾਰਪੋਰੇਟ ਕਾਨੂੰਨਾਂ, ਨੀਤੀਆਂ ਅਤੇ ਭਾਰਤ- ਯੂਰੋਪ ਐਫਟੀਏ ਵਿਰੁੱਧ 12 ਫਰਵਰੀ 2026 ਨੂੰ ਹੋਣ ਵਾਲੀ ਆਮ ਹੜਤਾਲ ਨੂੰ ਸਭ ਤੋਂ ਵੱਧ ਸਫਲ ਬਣਾਉਣ ਲਈ ਆਪਣੀ ਮੁਹਿੰਮ ਨੂੰ ਤੇਜ਼ ਕਰੇਗਾ।

> **ਪ੍ਰਧਾਨ ਮੰਤਰੀ ਸਪੱਸ਼ਟ ਕਰਨ ਐਫਟੀਏ 'ਤੇ ਯੂਰਪੀਅਨ ਸੰਸਦ ਵਿੱਚ ਬਹਿਸ ਹੋ ਰਹੀ ਹੈ, ਭਾਰਤੀ ਸੰਸਦ ਵਿੱਚ ਬਹਿਸ ਕਿਉਂ ਨਹੀਂ..?**

# ਮਨੁੱਖਾ ਜੀਵਨ: ਇਕ ਅਮੋਲਕ ਮੌਕਾ ਤੇ ਅਰਥ ਦੀ ਖੋਜ




**ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥**
**ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥**
**30॥ (ਭਗਤ ਕਬੀਰ ਜੀ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1366)**

**ਮਨੁੱਖਾ** ਜੀਵਨ ਕੋਈ ਆਮ ਸੰਯੋਗ ਨਹੀਂ, ਸਗੋਂ ਇੱਕ ਅਮੋਲਕ ਮੌਕਾ ਹੈ ਜੋ ਵਾਰ-ਵਾਰ ਨਹੀਂ ਮਿਲਦਾ। ਭਗਤ ਕਬੀਰ ਜੀ ਇਸ ਸ਼ਬਦ ਰਾਹੀਂ ਮਨੁੱਖ ਨੂੰ ਚੇਤਾਵਨੀ ਦਿੰਦੇ ਹਨ ਕਿ ਜਿਵੇਂ ਪੱਕਿਆ ਹੋਇਆ ਫਲ ਡਾਲ ਤੋਂ ਟੁੱਟ ਕੇ ਮੁੜ ਨਹੀਂ ਜੁੜਦਾ, ਓਸੇ ਤਰ੍ਹਾਂ ਜੇ ਜੀਵਨ ਬਿਨਾਂ ਸਮਝ, ਬਿਨਾਂ ਮਕਸਦ ਅਤੇ ਬਿਨਾਂ ਅਰਥ ਦੇ ਲੰਘ ਗਿਆ, ਤਾਂ ਇਹ ਕੀਮਤੀ ਅਵਸਰ ਹੱਥੋਂ ਨਿਕਲ ਜਾਂਦਾ ਹੈ। ਇਹੀ ਸੋਚ ਮਨੁੱਖ ਨੂੰ ਆਪਣੇ ਜੀਵਨ ਵੱਲ ਠਹਿਰ ਕੇ ਦੇਖਣ ਲਈ ਮਜਬੂਰ ਕਰਦੀ ਹੈ ਅਤੇ ਸਵਾਲ ਉੱਠਦਾ ਹੈ - ਜੀਵਨ ਦਾ ਅਸਲ ਮਤਲਬ ਕੀ ਹੈ?

ਇਸ ਸਵਾਲ ਦੀ ਖੋਜ ਹੀ ਮਨੁੱਖ ਨੂੰ ਆਪਣੇ ਅੰਦਰ, ਆਪਣੇ ਕਰਮਾਂ, ਰਿਸ਼ਤਿਆਂ ਅਤੇ ਜੀਵਨ ਦੇ ਮਕਸਦ ਵੱਲ ਮੋੜਦੀ ਹੈ। ਜੀਵਨ ਦਾ ਅਸਲ ਮਤਲਬ ਇੱਕ ਅਜਿਹਾ ਸਵਾਲ ਹੈ ਜੋ ਸਦੀਆਂ ਤੋਂ ਮਨੁੱਖ ਨੂੰ ਸੋਚਣ ਲਈ ਮਜਬੂਰ ਕਰਦਾ ਰਿਹਾ ਹੈ। ਹਰ ਵਿਅਕਤੀ, ਸਭਿਆਚਾਰ ਅਤੇ ਸਮਾਜ ਇਸ ਦਾ ਜਵਾਬ ਆਪਣੇ ਤਰੀਕੇ ਨਾਲ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਕੁਝ ਲਈ ਜੀਵਨ ਦਾ ਮਤਲਬ ਸੁਖ-ਸ਼ਾਂਤੀ, ਪਿਆਰ ਅਤੇ ਰਿਸ਼ਤਿਆਂ ਵਿੱਚ ਹੁੰਦਾ ਹੈ, ਜਦਕਿ ਦੂਜਿਆਂ ਲਈ ਇਹ ਸਫਲਤਾ, ਸਨਮਾਨ ਜਾਂ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਹੁੰਦਾ ਹੈ। ਪਰ ਸੱਚਾਈ ਇਹ ਹੈ ਕਿ ਜੀਵਨ ਦਾ ਅਸਲ ਮਤਲਬ ਸਥਿਰ ਨਹੀਂ, ਬਲਕਿ ਹਰ ਵਿਅਕਤੀ ਦੇ ਅਨੁਭਵ, ਵਿਸ਼ਵਾਸ ਅਤੇ ਜੀਵਨ ਦੇ ਹਾਲਾਤਾਂ 'ਤੇ ਨਿਰਭਰ ਕਰਦਾ ਹੈ। ਜੀਵਨ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਅਸੀਂ ਇਸ ਸੰਸਾਰ ਵਿੱਚ ਇੱਕ ਵਿਸ਼ੇਸ਼ ਮਕਸਦ ਨਾਲ ਆਏ ਹਾਂ। ਭਾਰਤੀ ਸਭਿਆਚਾਰ ਅਤੇ ਦਰਸ਼ਨ ਵਿੱਚ, ਜੀਵਨ ਦੇ ਮਤਲਬ ਨੂੰ ਅਕਸਰ ਧਰਮ, ਅਰਥ, ਕਾਮ ਅਤੇ ਮੋਕਸ਼ ਨਾਲ ਜੋੜਿਆ ਜਾਂਦਾ ਹੈ। ਧਰਮ ਸਾਨੂੰ ਨੈਤਿਕਤਾ ਅਤੇ ਸਹੀ ਮਾਰਗ 'ਤੇ ਚੱਲਣ ਦੀ ਸਿੱਖਿਆ ਦਿੰਦਾ ਹੈ, ਅਰਥ ਜੀਵਨ ਦੀਆਂ ਭੌਤਿਕ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਗੱਲ ਕਰਦਾ ਹੈ, ਕਾਮ ਸਾਨੂੰ ਸੁਖ ਅਤੇ ਸੰਤੁਸ਼ਟੀ ਦੀ ਪ੍ਰਾਪਤੀ ਵੱਲ ਲੈ ਜਾਂਦਾ ਹੈ, ਅਤੇ ਮੋਕਸ਼ ਜੀਵਨ ਦੇ ਚੱਕਰ ਤੋਂ ਮੁਕਤੀ ਦਾ ਰਾਹ ਦਿਖਾਉਂਦਾ ਹੈ। ਇਹ ਚਾਰ ਪੁਰਸ਼ਾਰਥ ਜੀਵਨ ਨੂੰ ਸੰਤੁਲਿਤ ਅਤੇ ਅਰਥਪੂਰਨ ਬਣਾਉਣ ਵਿੱਚ ਮਦਦ ਕਰਦੇ ਹਨ। ਪਰ ਜੀਵਨ ਦਾ ਮਤਲਬ ਸਿਰਫ਼ ਇਨ੍ਹਾਂ ਚਾਰ ਗੱਲਾਂ ਤੱਕ ਸੀਮਤ ਨਹੀਂ ਹੈ। ਅਸਲ ਵਿੱਚ, ਜੀਵਨ ਦਾ ਮਤਲਬ ਉਹ ਖੁਸ਼ੀਆਂ ਅਤੇ ਅਨੁਭਵ ਹਨ ਜੋ ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਇਕੱਠੇ ਕਰਦੇ ਹਾਂ। ਇੱਕ ਮਾਂ ਲਈ ਜੀਵਨ ਦਾ ਮਤਲਬ ਆਪਣੇ ਬੱਚੇ ਦੀ ਮੁਸਕਰਾਹਟ ਵਿੱਚ ਹੋ ਸਕਦਾ ਹੈ, ਇੱਕ ਵਿਦਿਆਰਥੀ ਲਈ ਇਹ ਉਸ ਦੀ ਸਫਲਤਾ ਅਤੇ ਸੁਪਨਿਆਂ ਦੀ ਪ੍ਰਾਪਤੀ ਵਿੱਚ ਹੋ ਸਕਦਾ ਹੈ, ਅਤੇ ਇੱਕ ਸੰਤ ਲਈ ਇਹ ਆਤਮਿਕ ਸ਼ਾਂਤੀ ਅਤੇ ਈਸ਼ਵਰ ਨਾਲ ਜੁੜਨ ਵਿੱਚ ਹੋ ਸਕਦਾ ਹੈ। ਜੀਵਨ ਦੀ ਸੁੰਦਰਤਾ ਇਸ ਦੀ ਵਿਭਿੰਨਤਾ ਵਿੱਚ ਹੈ, ਜਿੱਥੇ ਹਰ ਵਿਅਕਤੀ ਆਪਣੇ ਤਰੀਕੇ ਨਾਲ ਅਰਥ ਲੱਭਦਾ ਹੈ।

ਕਈ ਵਾਰ ਜੀਵਨ ਦੇ ਮੁਸ਼ਕਲ ਪਲ ਸਾਨੂੰ ਸਭ ਤੋਂ ਵੱਡੀ ਸਿੱਖਿਆ ਦਿੰਦੇ ਹਨ। ਦੁੱਖ, ਅਸਫਲਤਾ ਅਤੇ ਸੰਘਰਸ਼ ਵੀ ਜੀਵਨ ਦਾ ਅਨਿੱਖੜਵਾਂ ਹਿੱਸਾ ਹਨ। ਇਹ ਪਲ ਸਾਨੂੰ ਸਿਖਾਉਂਦੇ ਹਨ ਕਿ ਅਸਲ ਮਤਲਬ ਸਿਰਫ਼ ਸੁਖਾਂ ਦੀ ਖੋਜ ਵਿੱਚ ਨਹੀਂ, ਸਗੋਂ ਮੁਸੀਬਤਾਂ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਨੂੰ ਪਾਰ ਕਰਨ ਵਿੱਚ ਵੀ ਹੈ। ਸੰਘਰਸ਼ ਸਾਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਸਾਡੇ ਅੰਦਰ ਸਹਿਣਸ਼ੀਲਤਾ ਅਤੇ ਧੀਰਜ ਦਾ ਗੁਣ ਪੈਦਾ ਕਰਦਾ ਹੈ।

ਜੀਵਨ ਦਾ ਅਸਲ ਮਤਲਬ ਸ਼ਾਇਦ ਸਾਡੀ ਆਪਣੀ ਖੋਜ ਵਿੱਚ ਹੀ ਲੁਕਿਆ ਹੈ। ਇਹ ਇੱਕ ਅਜਿਹੀ ਯਾਤਰਾ ਹੈ ਜਿੱਥੇ ਹਰ ਕਦਮ 'ਤੇ ਅਸੀਂ ਕੁਝ ਨਵਾਂ ਸਿੱਖਦੇ ਹਾਂ। ਇਹ ਜ਼ਰੂਰੀ ਨਹੀਂ ਕਿ ਸਾਨੂੰ ਜੀਵਨ ਦਾ ਅੰਤਿਮ ਮਕਸਦ ਲੱਭ ਜਾਵੇ, ਸਗੋਂ ਮਹੱਤਵਪੂਰਨ ਇਹ ਹੈ ਕਿ ਅਸੀਂ ਇਸ ਯਾਤਰਾ ਨੂੰ ਪੂਰੇ ਦਿਲ ਨਾਲ ਜੀਅ ਜਾਈਏ। ਦੂਜਿਆਂ ਨੂੰ ਪਿਆਰ ਦੇਣਾ, ਸਮਾਜ ਦੀ ਭਲਾਈ ਲਈ ਕੁਝ ਕਰਨਾ, ਅਤੇ ਆਪਣੇ ਅੰਦਰ ਦੀ ਸ਼ਾਂਤੀ ਨੂੰ ਲੱਭਣ ਦੀ ਕੋਸ਼ਿਸ਼ ਕਰਨਾ - ਇਹ ਸਭ ਜੀਵਨ ਨੂੰ ਅਰਥਪੂਰਨ ਬਣਾਉਂਦੇ ਹਨ। ਜੀਵਨ ਦਾ ਮਤਲਬ ਹਰ ਵਿਅਕਤੀ ਲਈ ਵੱਖਰਾ ਹੋ ਸਕਦਾ ਹੈ, ਪਰ ਇਸ ਦੀ ਸਾਰ ਇੱਕ ਹੀ ਹੈ - ਜੀਵਨ ਨੂੰ ਪੂਰੀ ਤਰ੍ਹਾਂ ਜੀਣਾ ਅਤੇ ਹਰ ਪਲ ਵਿੱਚ ਅਨੰਦ ਅਤੇ ਅਰਥ ਲੱਭਣਾ। ਜੀਵਨ ਇੱਕ ਮੌਕਾ ਹੈ, ਜੋ ਸਾਨੂੰ ਖੁਦ ਨੂੰ ਸਮਝਣ, ਦੂਜਿਆਂ ਨਾਲ ਜੁੜਨ ਅਤੇ ਸੰਸਾਰ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਦਾ ਅਵਸਰ ਦਿੰਦਾ ਹੈ।

**ਅੰਤ ਵਿੱਚ :**

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ 62)**

ਜੀਵਨ ਦਾ ਅਸਲ ਮਤਲਬ ਸਿਰਫ਼ ਸੱਚ ਨੂੰ ਜਾਣਨ ਜਾਂ ਬੋਲਣ ਤੱਕ ਸੀਮਤ ਨਹੀਂ, ਸਗੋਂ ਉਸ ਸੱਚ ਨੂੰ ਆਪਣੇ ਕਰਮਾਂ ਅਤੇ ਆਚਰਨ ਵਿੱਚ ਉਤਾਰਨ ਵਿੱਚ ਹੈ। ਗੁਰਬਾਣੀ ਸਾਨੂੰ ਸਪੱਸ਼ਟ ਸਿੱਖਿਆ ਦਿੰਦੀ ਹੈ ਕਿ ਜਦ ਸੱਚ ਮਨ, ਬੋਲ ਅਤੇ ਕਰਮ ਵਿੱਚ ਇਕਸਾਰਤਾ ਹੋ ਜਾਵੇ, ਤਦੋਂ ਹੀ ਜੀਵਨ ਅਰਥਪੂਰਨ ਬਣਦਾ ਹੈ। ਇਹੀ ਸੱਚਾ ਸੁਖ ਹੈ, ਇਹੀ ਅਸਲੀ ਸਫਲਤਾ ਹੈ। ਜੇ ਮਨੁੱਖ ਇਸ ਅਮੋਲਕ ਮਨੁੱਖਾ ਜਨਮ ਨੂੰ ਸੱਚ, ਸੇਵਾ, ਪਿਆਰ ਅਤੇ ਸੰਤੁਲਨ ਨਾਲ ਜੀਊਂਦਾ ਹੈ, ਤਾਂ ਉਸਦਾ ਜੀਵਨ ਆਪਣੇ ਆਪ ਵਿੱਚ ਹੀ ਇੱਕ ਉੱਤਰ ਬਣ ਜਾਂਦਾ ਹੈ - ਜੀਵਨ ਦਾ ਅਸਲ ਮਤਲਬ।

-ਗੁਰਦੇਵ ਸਿੰਘ ਬਠਿੰਡਾ, ਮੋਬ : 9316949649




★ ਜਾਰੀ ਕਰਤਾ ★

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
+447458381111 +447976210161 +919729091243